# ਸਤਿਸੰਗ

**॥ ਬਿਲਾਵਲੁ ਮਹਲਾ ੫॥ (ਅੰਗ 816)**

**ਜੀਅ ਜੰਤ ਸੁਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ॥**

ਹਰ ਦਫਾ ਗੁਰਬਾਨੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਨੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਨੀ ਗੁਰੂ ਗੁਰੂ ਹੈ ਬਾਨੀ ਵਿਚਿ ਬਾਨੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਨੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਨੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਨੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ

# ਗੁਰਬਾਣੀ ਉਪਮਾ

ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਿਤ ਦੇਸ਼ ਵਿਦੇਸ਼ ਦੀ ਸੰਗਤ ਅਤੇ ਬੀਬੀ ਸੁਖਵਿੰਦਰ ਕੌਰ ਪਤਨੀ ਭਾਈ ਬਲਦੇਵ ਸਿੰਘ ਨੇ ਹਜ਼ੂਰ ਦੂਸਰੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ 515 ਵਾਂ ਅਵਤਾਰ ਦਿਵਸ ਮਨਾਉਂਦਿਆਂ ਹੋਇਆਂ ਅਖੰਡ ਪਾਠ ਕਰਵਾਇਆ ਹੈ ਜਿਸ ਦਾ ਅੱਜ ਭੋਗ ਪਾਇਆ ਗਿਆ ਹੈ। ਸਭ ਤੋਂ ਪਹਿਲਾਂ ਆਈ ਸੰਗਤ ਨੂੰ, ਦੇਸ਼ ਵਿਦੇਸ਼ ਦੀ ਸੰਗਤ ਨੂੰ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਦੇ ਅਵਤਾਰ ਦਿਵਸ ਦੀ ਲੱਖ ਲੱਖ ਵਧਾਈ ਹੋਵੇ। ਜਿਸ ਦਿਨ ਪੂਰਨ ਤਾਕਤਾਂ ਦੁਨੀਆਂ ਵਿੱਚ ਅਵਤਾਰ ਲੈਂਦੀਆਂ ਹਨ ਉਸ ਦਿਨ ਖਾਸ ਬਖਸ਼ਿਸ਼ ਹੁੰਦੀ ਹੈ। ਭੋਗ ਉਪਰੰਤ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ। ਹਜ਼ੂਰ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਸ ਨੂੰ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਨੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਭੇਦ ਬਖਸ਼ ਰਹੇ ਹਨ ਕਿ ਜਦੋਂ ਕਿਸੇ ਜੀਵ ਜਾਂ ਪਰਿਵਾਰ ਉੱਪਰ ਬਖਸ਼ਿਸ਼ ਹੁੰਦੀ ਹੈ ਤਾਂ ਉਸ ਦੀ ਸੋਭਾ ਅਤੇ ਖੁਸ਼ਬੂ ਦੂਰ ਤੱਕ ਫੈਲਦੀ ਹੈ। ਕਿਉਂਕਿ

Reputation travels faster than man.

ਜਦੋਂ ਅਸੀਂ ਕਿਤੇ ਵੀ ਜਾਣਾ ਹੁੰਦਾ ਹੈ ਉਥੇ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਸਾਡੇ ਬਾਰੇ ਸਾਰਾ ਪਤਾ ਹੁੰਦਾ ਹੈ ਕਿ ਉਹ ਕੌਣ ਹਨ

ਜਾਂ ਕੀ ਕੰਮ ਕਰਦੇ ਹਨ? ਜਦੋਂ ਸੰਗਤ ਦਾ ਕੋਈ ਜੀਵ ਸਿਮਰਨ, ਜਾਪ, ਅਰਾਧਨਾ ਕਰਦਾ ਹੈ ਤਾਂ ਉਸ ਦੇ ਕਾਰਜ ਸੰਪੂਰਨ ਹੋਣੇ ਸ਼ੁਰੂ ਹੋ ਜਾਂਦੇ ਹਨ, ਰਾਸ ਆਉਣੇ ਸ਼ੁਰੂ ਹੋ ਜਾਂਦੇ ਹਨ। ਫੇਰ ਉਸ ਜੀਵ ਦੀ ਦੁਨੀਆਂ ਵਿੱਚ ਸੋਭਾ ਵੀ ਹੁੰਦੀ ਹੈ ਕਿ ਉਹ ਉਸ ਸੰਸਥਾ ਵਿੱਚ ਜਾਂਦਾ ਸੀ ਜਿਸ ਕਾਰਣ ਉਸ ਦੇ ਬੱਚੇ ਵਧੀਆ ਪੜ੍ਹ ਰਹੇ ਹਨ ਡਾਕਟਰੀ ਵਿੱਚ ਸਿਲੈਕਟ ਹੋ ਰਹੇ ਹਨ, ਅੱਛੇ ਕੋਰਸ ਕਰ ਰਹੇ ਹਨ, ਬਾਹਰ ਵਿਦੇਸ਼ਾਂ ਵਿੱਚ ਜਾ ਰਹੇ ਹਨ ਅਰਥਾਤ ਕਾਮਯਾਬੀਆਂ ਹਾਸਿਲ ਕਰ ਰਹੇ ਹਨ।

ਅਸੀਂ ਤੁਹਾਨੂੰ ਸਾਰਿਆਂ ਨੂੰ ਇੱਕੋ ਹੀ ਜੁਗਤੀ ਦੱਸੀ ਹੈ ਕਿ ਨਿੰਮ ਦੇ ਪੱਤੇ ਖਾਵੋ, ਨਿੰਮ ਦੀ ਦਾਤਣ ਕਰੋ ਅਤੇ ਗਾਰੜੂ ਮੰਤ੍ਰ ਦਾ ਜਾਪ ਕਰੋ। ਜਦੋਂ ਸੰਗਤ ਦੇ ਪ੍ਰਾਣੀ ਸਾਡੇ ਕੋਲ ਆਉਂਦੇ ਹਨ ਤਾਂ ਅਸੀਂ ਪੁੱਛਦੇ ਹਾਂ ਪਰ ਉਹ ਅੱਗਿਓਂ ਕਹਿੰਦੇ ਹਨ ਕਿ ਤੁਸੀਂ ਹੁਣ ਕਿਹਾ ਹੈ ਹੁਣ ਅਸੀਂ ਜਰੂਰ ਕਰ ਲਿਆ ਕਰਾਂਗੇ। ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਸਤਿਸੰਗ ਵਿੱਚ ਸਪੀਕਰ 'ਤੇ ਕਈ ਵਾਰ ਕਿਹਾ ਹੈ। ਫੇਰ ਕਹਿਣਗੇ ਜੀ! ਅਸੀਂ ਸੋਚਿਆ ਕਿ ਉਹ ਤੁਸੀਂ ਨਵੇਂ ਬੰਦਿਆਂ ਵਾਸਤੇ ਕਹਿ ਰਹੇ ਹੋ। ਇੰਝ ਨਵੇਂ ਜਾਂ ਪੁਰਾਣੇ ਕਹਿ ਕੇ ਆਪਣੇ ਆਪ ਨੂੰ ਦੂਸਰਿਆਂ ਤੋਂ ਵੱਖ ਨਾ ਕਰੋ। ਅਸੀਂ ਸਤਿਸੰਗ ਵਿੱਚ ਜੋ ਵੀ ਉਪਦੇਸ਼ ਦੇ ਰਹੇ ਹਾਂ ਉਹ ਸਾਰਿਆਂ ਵਾਸਤੇ ਸਾਂਝਾ ਹੈ। ਸਾਡੀ ਪਤਨੀ, ਨੂੰਹ, ਪੁੱਤਰ ਅਤੇ ਜੋ ਵੀ ਸੰਗਤ ਦੇ ਹੋਰ ਜੀਵ ਬੈਠੇ ਹਨ ਸਾਰਿਆਂ ਵਾਸਤੇ ਸਾਂਝਾ ਹੈ। ਐਸਾ ਨਹੀਂ ਕਿ ਅਸੀਂ ਪਰਿਵਾਰ ਨੂੰ ਅਲੱਗ ਕਹਿਣਾ ਹੈ। ਸੋਈ ਜਦੋਂ ਆਪਾਂ ਸਾਰੇ ਮਿਲ ਕੇ ਮਾਲਿਕ ਦੀ ਸੋਭਾ ਕਰਾਂਗੇ ਤਾਂ ਫੇਰ ਲੋਕ ਸੋਚਣਗੇ ਕਿ ਜੋ ਜੀਵ ਉੱਥੇ ਜਾ ਕੇ ਗੁਰਬਾਣੀ ਪੜ੍ਹਦੇ ਜਾਂ ਸੁਣਦੇ ਹਨ ਉਹਨਾਂ ਦੇ ਕਾਰਜ ਸਫਲ ਹੁੰਦੇ ਹਨ। ਫੇਰ ਮਾਲਿਕ ਦੀ ਸੋਭਾ ਸੁਣ ਕੇ ਸਾਰੀ ਜੀਅ-ਜੰਤ ਖੁਸ਼ ਹੁੰਦੀ ਹੈ ਕਿ ਮਾਲਿਕ ਗੁਰਬਾਣੀ ਦਾ ਸਿਮਰਨ ਕਰਨ ਵਾਲਿਆਂ ਉੱਪਰ ਬਖਸ਼ਿਸ਼ ਕਰਦੇ ਹਨ।

**ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ ॥੧॥**

ਕਰਜਾ ਦੋ ਕਿਸਮ ਦਾ ਹੁੰਦਾ ਹੈ। ਇੱਕ ਦੁਨਿਆਵੀ ਤੌਰ ਤੇ ਜੀਵ ਗਲਤੀ ਨਾਲ ਬਿਨੇ ਸੋਚੇ ਸਮਝੇ ਕੋਈ ਐਸਾ ਕਾਰੋਬਾਰ ਕਰ ਬੈਠਦਾ ਹੈ ਜਿਸ ਵਿੱਚ ਉਸ ਨੂੰ ਘਾਟਾ ਪੈ ਜਾਂਦਾ ਹੈ। ਦੂਸਰਾ, ਪਿਛਲੇ ਜਨਮਾਂ ਦੇ ਕਰਮਾਂ ਦਾ ਕਰਜਾ ਹੁੰਦਾ ਹੈ। ਸਿਰਫ਼ ਗੁਰਬਾਣੀ ਹੀ ਐਸੀ ਦਾਤ ਹੈ ਜੋ ਪਿਛਲੇ ਜਨਮਾਂ ਦੇ ਕਰਮਾਂ ਦਾ ਕਰਜਾ ਵੀ ਉਤਾਰ ਦਿੰਦੀ ਹੈ ਅਤੇ ਅਗਰ ਇਸ ਜਨਮ ਵਿੱਚ ਕੋਈ ਭੁੱਲ ਹੋਈ ਹੈ ਤਾਂ ਉਸ ਨੂੰ ਵੀ ਠੀਕ ਕਰ ਦਿੰਦੀ ਹੈ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਇਥੋਂ ਤੱਕ ਵੀ ਕਹਿ ਦਿੱਤਾ ਕਿ ਚਾਹੇ ਜੀਵ ਗੰਗਾ 'ਤੇ ਜਾਵੇ, ਇਸ਼ਨਾਨ ਵੀ ਕਰੇ। ਪਰ ਜੇਕਰ ਕੋਈ ਜੀਵ ਕਿਸੇ ਗੁਰੂ ਪਿਆਰੇ ਨੂੰ ਅਗਰ ਹਸਪਤਾਲ ਪਹੁੰਚਾ ਦਿੰਦਾ ਹੈ ਤਾਂ ਉਸ ਨੂੰ ਗੰਗਾ ਦੇ ਇਸ਼ਨਾਨ ਕਰਨ ਵਾਲੇ ਨਾਲੋਂ ਵੱਧ ਫਲ ਮਿਲਦਾ ਹੈ।

*ਸਿਖ ਕਉ ਪਿਲਾਇ ਪਾਨੀ, ਭਾਉ ਕਰਿ ਕੁਰਖੇਤ*
*ਅਸੁਮੇਧ ਜਗ ਫਲ ਸਿਖ ਕਉ ਜਿਵਾਏ ਕਾ।*

ਜਾਂ ਕਿਸੇ ਪਿਆਸੇ ਜੀਵ ਨੂੰ ਪਾਣੀ ਪਿਆਉਂਦਾ ਹੈ ਤਾਂ ਉਸ ਨੂੰ ਵੀ ਫਲ ਮਿਲਦਾ ਹੈ ਜਾਂ ਦੁਖੀਏ ਦੀ ਸਹਾਇਤਾ ਕਰਦਾ ਹੈ ਤਾਂ

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*(ਅੰਗ 136)*

ਉਸ ਨੂੰ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲਦਾ ਹੈ।

ਫੇਰ ਕਈ ਜੀਵ ਕਹਿੰਦੇ ਹਨ ਕਿ ਮੇਰੇ ਕਰਮਾਂ ਜਾਂ ਭਾਗਾਂ ਵਿੱਚ ਹੀ ਐਸਾ ਲਿਖਿਆ ਸੀ। ਦੇਖੋ, ਪਿਛਲੇ ਜਨਮਾਂ ਵਿੱਚ ਤੁਸੀਂ ਭਗਤੀ ਨਹੀਂ ਕੀਤੀ, ਸਿਮਰਨ ਨਹੀਂ ਕੀਤਾ ਅਤੇ ਇਸ ਜਨਮ ਵਿੱਚ ਵੀ ਤੁਸੀਂ ਸੋਚਦੇ ਹੋ ਕਿ ਲੋਕਾਂ ਨੂੰ ਲੁੱਟ ਕੇ ਖਾ ਲਈਏ ਇਸ ਨਾਲ ਸਾਨੂੰ ਕੀ ਫਰਕ ਪੈਂਦਾ ਹੈ? ਜੇ ਪਹਿਲੇ ਜਨਮਾਂ ਵਿੱਚ ਵੀ ਅਤੇ ਇਸ ਜਨਮ ਵਿੱਚ ਕੋਈ ਗੁਣ ਵਾਲਾ ਕੰਮ ਨਹੀਂ ਕੀਤਾ ਫੇਰ

*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ॥ (ਅੰਗ 450)*

ਅਸਲੀ ਧਨ ਸਿਮਰਨ ਹੈ। ਮਰਨ ਤੋਂ ਬਾਅਦ ਬਾਕੀ ਸਾਰੇ ਧਨ ਇੱਥੇ ਹੀ ਰਹਿ ਜਾਂਦੇ ਹਨ ਸਿਰਫ ਸਿਮਰਨ ਨੇ ਹੀ ਨਾਲ ਜਾਣਾ ਹੈ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹੜੇ ਜੀਵ ਸਿਮਰਨ ਕਰਦੇ ਹਨ ਮਾਲਿਕ ਉਹਨਾਂ ਉੱਪਰ ਦਿਆਲੂ ਹੋ ਕੇ ਉਹਨਾਂ ਨੂੰ ਖੁਸ਼ੀਆਂ ਬਖਸ਼ਦੇ ਹਨ। ਜੋ ਜੀਵ ਸਿਮਰਨ ਨਹੀਂ ਵੀ ਕਰਦੇ ਅਗਰ ਉਹ ਹੁਣ ਵੀ ਇਸ ਪਾਸੇ ਵੱਲ ਤੁਰ ਪੈਣ ਤਦ ਮਾਲਿਕ ਉਹਨਾਂ ਦਾ ਪਿਛਲੇ ਜਨਮਾਂ ਦਾ ਅਤੇ ਇਸ ਜਨਮ ਦਾ ਕਰਜਾ ਵੀ ਉਤਾਰ ਸਕਦੇ ਹਨ। ਅਸੀਂ ਦੁਨਿਆਵੀ ਖੁਰਾਕ ਲਈ ਪਾਣੀ-ਪਾਣੀ, ਚਾਹ-ਚਾਹ, ਰੋਟੀ-ਰੋਟੀ ਕਰਦੇ ਹਾਂ ਪਰ ਸਾਨੂੰ ਸਿਮਰਨ ਕਰਨ ਦੀ ਭੁੱਖ ਅਤੇ ਪਿਆਸ ਨਹੀਂ ਲੱਗਦੀ। ਮਾਲਿਕ ਆਪ ਹੀ ਜੀਵ ਕੋਲੋਂ ਗੁਰਬਾਣੀ ਪੜ੍ਹਾ ਕੇ ਉਸ ਦਾ ਕਰਜਾ ਲਾਹ ਦਿੰਦੇ ਹਨ।

**ਖਾਤ ਖਰਚਤ ਨਿਬਹਤ ਰਹੈ ਗੁਰ ਸਬਦੁ ਅਖੂਟ ॥**

ਜੋ ਪ੍ਰਾਣੀ ਸਿਮਰਨ ਕਰਦੇ ਹਨ ਉਹ ਖਾ ਲੈਣ ਖਰਚ ਲੈਣ ਉਹਨਾਂ ਕੋਲੋਂ ਕਦੇ ਵੀ ਸਿਮਰਨ ਦਾ ਧਨ ਖਤਮ ਨਹੀਂ ਹੁੰਦਾ।

ਜਦੋਂ ਅਸੀਂ ਇਸ ਸੰਸਥਾ ਦੇ ਕੰਮਾਂ ਵਾਸਤੇ ਲੋਨ ਲੈਣ ਦੀ ਗੱਲ ਕੀਤੀ ਤਾਂ ਸਾਨੂੰ ਕਿਹਾ ਗਿਆ ਕਿ ਦੁਨੀਆਂ ਦਾ ਐਸਾ

ਕੋਈ ਵੀ ਬੈਂਕ ਨਹੀਂ ਹੈ ਜੋ ਧਾਰਮਿਕ ਸੰਸਥਾ ਨੂੰ ਲੋਨ ਦੇ ਸਕੇ। ਪਰ ਮਾਲਿਕ ਨੇ ਕਿਰਪਾ ਕੀਤੀ ਤਾਂ ਸੰਗਤ ਹੀ ਬੈਂਕ ਬਣ ਗਈ। ਫੇਰ ਇੱਕ ਨਹੀਂ ਕਈ ਬੈਂਕਾਂ ਬਣ ਗਈਆਂ। ਜਿਸ ਤਰ੍ਹਾਂ ਨੰਦੇੜ ਸਾਹਿਬ ਵਾਲੇ ਬਾਬਾ ਨਿਧਾਨ ਸਿੰਘ ਜੀ ਨੂੰ ਕਿਹਾ ਕਿ ਤੂੰ ਆਪਣੀ ਜੇਬ ਵਿਚੋਂ ਹੱਥ ਪਾ ਕੇ ਪੈਸੇ ਕੱਢੀ ਜਾਣੇ ਹਨ ਕਦੇ ਗਿਣਨੇ ਨਹੀਂ ਕਿ ਪਿੱਛੇ ਕਿੰਨੇ ਹੋਰ ਹਨ? ਤੂੰ ਜੇਬ ਚੋਂ ਪੈਸੇ ਕੱਢ ਕੇ ਖਰਚੀ ਜਾਣੇ ਹਨ ਆਪੇ ਹੋਰ ਨਿਕਲਦੇ ਆਉਣਗੇ। ਸੋਈ ਸਾਨੂੰ ਪਤਾ ਨਹੀਂ ਲੱਗਾ ਕਿ ਇਹ ਬਿਲਡਿੰਗਾਂ ਕਿੱਦਾਂ ਬਣੀਆਂ ਹਨ! ਹਜ਼ੂਰ ਨੇ ਕਿਰਪਾ ਕਰਕੇ ਸੰਗਤ ਦੇ ਇੱਕਲੇ-ਇੱਕਲੇ ਜੀਵ ਨੂੰ ਬੈਂਕ ਬਣਾ ਦਿੱਤਾ ਅਤੇ ਲੋਨ ਲੈਣ ਦੀ ਲੋੜ ਹੀ ਨਹੀਂ ਪਈ। ਸੋਈ ਜਦੋਂ ਤੁਸੀਂ ਸਿਮਰਨ ਕਰੋਗੇ ਘਰ ਵਿੱਚ ਸਿਮਰਨ ਦਾ ਖਜਾਨਾ ਆ ਜਾਵੇਗਾ। ਫੇਰ ਉਸ ਘਰ ਵਿੱਚ ਆਪਣੇ ਆਪ ਬੈਂਕ ਬਣ ਜਾਣਾ ਹੈ। ਦੁਨਿਆਵੀ ਏ.ਟੀ.ਐੱਮ. ਵਿਚੋਂ ਜਾਅਲੀ ਨੋਟ ਨਿਕਲ ਸਕਦੇ ਹਨ ਜਾਂ ਕਿਸੇ ਨਾਲ ਠੱਗੀ ਵੀ ਹੋ ਸਕਦੀ ਹੈ ਪਰ ਗੁਰੂ ਘਰ ਦੀ ਏ.ਟੀ.ਐਮ. ਤਾਂ ਕਦੇ ਵੀ ਮੁੱਕਦੀ ਨਹੀਂ ਹੈ।

**ਪੂਰਨ ਭਈ ਸਮਗਰੀ ਕਬਹੂ ਨਹੀ ਤੂਟ ॥ ੧ ॥ ਰਹਾਉ ॥**

ਉਹ ਸਮੱਗਰੀ ਬਹੁਤ ਵਧਦੀ ਜਾਂਦੀ ਹੈ। ਜਦੋਂ ਹਜ਼ੂਰ ਨੇ ਸਾਡੀ ਯਸ਼ ਕਰਨ ਦੀ ਡਿਊਟੀ ਲਾਈ ਤਾਂ ਸਾਡੇ ਪਲੰਘ ਦੇ ਥੱਲੇ ਲੋਹੇ ਦੇ ਚੌਰਸ ਪੀਪੇ ਰੱਖੇ ਹੋਏ ਸਨ। ਹਜ਼ੂਰ ਨੇ ਕਿਹਾ ਕਿ ਇਹਨਾਂ ਵਿੱਚ ਝਾਤੀ ਨਾ ਮਾਰਿਓ ਅਤੇ ਰਾਸ਼ਨ ਕੱਢ ਕੱਢ ਕੇ ਵਰਤੀ ਜਾਇਓ। ਅਸੀਂ ਉਹਨਾਂ ਵਿਚੋਂ ਰਾਸ਼ਨ ਕੱਢ ਕੇ ਲੰਗਰ ਲਾਈ ਜਾਣਾ। ਫੇਰ ਘਰਦਿਆਂ ਨੂੰ ਸ਼ੱਕ ਪੈ ਗਿਆ ਕਿ ਇਹਨਾਂ ਨੇ ਕਿਤੇ ਘਰ ਦੀ (ਮਾਲਿਕੀ ਦੀ) ਜੋ ਜਮੀਨ ਹੈ ਉਹ ਨਾ ਵੇਚ ਦਿੱਤੀ ਹੋਵੇ। ਜਿਸ ਦਿਨ ਉਹਨਾਂ ਪੀਪਿਆਂ ਵਿੱਚ ਦੇਖ ਲਿਆ ਉਸ ਦਿਨ ਤੋਂ ਆਟਾ, ਦਾਲਾਂ, ਘਿਉ ਸਭ ਨਿਕਲਣੇ ਬੰਦ ਹੋ ਗਏ। ਜਦੋਂ ਕੋਈ ਬਚਨ ਹੋ ਕੇ ਦਾਤ ਮਿਲਦੀ ਹੈ ਅਗਰ ਅਸੀਂ ਬਚਨਾਂ ਦੀ ਉਲੰਘਣਾ ਕਰਦੇ ਹਾਂ ਤਾਂ ਉਹ ਬਖਸ਼ਿਸ਼ ਉੱਥੇ ਹੀ ਰੁਕ ਜਾਂਦੀ ਹੈ।

ਜਿਵੇਂ ਭਗਵਾਨ ਵਿਸ਼ਵਕਰਮਾ ਜੀ ਨੇ ਲੰਕਾ ਬਣਾਉਣ ਲੱਗਿਆਂ ਮਾਤਾ ਪਾਰਬਤੀ ਜੀ ਅਤੇ ਸ਼ਿਵ ਜੀ ਮਹਾਰਾਜ ਨੂੰ ਕਿਹਾ ਸੀ ਕਿ ਅੱਗੇ ਅੱਗੇ ਤੁਰੇ ਜਾਵੋ ਪਿੱਛੇ ਮੁੜ ਕੇ ਨਹੀਂ ਦੇਖਣਾ ਹੈ। ਪਰ ਮਾਤਾ ਪਾਰਬਤੀ ਜੀ ਨੇ ਸੋਚਿਆ ਕਿ ਪਿੱਛੇ ਮੁੜ ਦੇਖਾਂ ਤਾਂ ਸਹੀ ਕਿ ਲੰਕਾ ਬਣ ਵੀ ਰਹੀ ਹੈ ਜਾਂ ਨਹੀ। ਜਾਂ ਸਾਡੇ ਨਾਲ ਧੋਖਾ ਤਾਂ ਨਹੀਂ ਹੋ ਰਿਹਾ। ਜਿਉਂ ਹੀ ਉਹਨਾਂ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਲੰਕਾ ਉੱਥੇ ਹੀ ਬਣਨੀ ਬੰਦ ਹੋ ਗਈ।

ਅਗਰ ਮਾਲਿਕ ਬਖਸ਼ਿਸ਼ ਕਰਦੇ ਹਨ ਤਦ ਚੁੱਪ ਕੀਤੇ ਰਹੋ, ਰੌਲਾ ਨਾ ਪਾਵੋ।

*ਧਰਮਦਾਸ ਤੁਝੇ ਲਾਖ ਦੁਹਾਈ।*
*ਜਿਹ ਭੇਦ ਬਾਹਰ ਨ ਜਾਈ।*

ਹਜ਼ੂਰ ਕਬੀਰ ਸਾਹਿਬ ਜੀ ਨੇ ਆਪਣੇ ਸੇਵਕ ਧਰਮਦਾਸ ਨੂੰ ਕਿਹਾ ਸੀ ਕਿ ਬਾਹਰ ਲੋਕਾਂ ਵਿੱਚ ਰੌਲਾ ਨਹੀਂ ਪਾਉਣਾ। ਉਂਝ

*ਗਰਮੇ ਗਰਮੇ ਹਲਵਾ ਲੀਜੈ ਖਾਇ।*

ਅਗਰ ਖਾਣ ਵਾਸਤੇ ਕੜਾਹ ਮਿਲਦਾ ਹੈ ਤਾਂ ਝੱਟ ਖਾ ਲਵੋ। ਕਦੇ ਵੀ ਇਹ ਨਾ ਪੁੱਛੋ ਕਿ ਸੂਜੀ ਕਿੰਨੀ ਪਾਈ ਹੈ, ਖੰਡ ਜਾਂ ਘਿਉ ਕਿੰਨਾ ਪਾਇਆ ਹੈ?

**ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ ॥**

ਹੁਣ ਬਹੁਤ ਸਾਰੀ ਦੁਨੀਆਂ ਤੁਹਾਨੂੰ ਕਹਿੰਦੀ ਹੋਵੇਗੀ ਕਿ ਇੱਥੇ ਨੇੜੇ ਹੀ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕ ਲਵੋ ਉੱਥੇ ਵੀ ਤਾਂ ਇਹੋ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ ਫੇਰ ਐਨੀ ਦੂਰ ਜਾ ਕੇ ਮੱਥਾ ਕਿਉਂ ਟੇਕਦੇ ਹੋ? ਲੇਕਿਨ ਗੁਰਬਾਣੀ ਵਿੱਚ ਦਰਜ ਹੈ ਕਿ ਸਾਧੂ ਦੀ ਸੰਗਤ ਕਰੋ। ਉੱਥੇ ਕੋਈ ਵੀ ਜੀਵ ਆਪਣੀ ਸੋਭਾ ਜਾਂ ਵਡਿਆਈ ਨਹੀਂ ਕਰਦਾ। ਅਸੀਂ ਵੀ ਆਪਣੀ ਕਦੇ ਵਡਿਆਈ ਨਹੀਂ ਸਮਝਦੇ ਕਿਉਂਕਿ ਸਾਡੇ ਕੋਲੋਂ ਤਾਂ ਸਾਡੇ ਹਜ਼ੂਰ ਹੀ ਗੁਰਬਾਣੀ ਦਾ ਯਸ਼ ਕਰਵਾਉਂਦੇ ਹਨ। ਜਦੋਂ ਅਸੀਂ ਐਸੇ ਮਾਹੌਲ ਵਿੱਚ ਅਰਾਧਨਾ ਕਰਨੀ ਹੈ ਉਸ ਦੀ ਅਲੱਗ ਹੀ ਬਖਸ਼ਿਸ਼ ਹੋਣੀ ਹੈ। ਸਾਧੂ ਦੀ ਸੰਗਤ ਵਿੱਚ ਜਾ ਕੇ ਜੀਵ ਨੂੰ ਮਾਣ ਨਹੀਂ ਆਉਂਦਾ ਕਿ ਕਿਸ ਦੇ ਕਹਿਣ ਤੇ ਬਖਸ਼ਿਸ਼ ਹੋਈ ਹੈ ਕਿਉਂਕਿ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਸੀ ਕਿ ਸੰਗਤ ਵੀਹ ਵਿਸਵੇ ਅਤੇ ਸਾਧੂ ਇੱਕ ਵਿਸਵਾ ਹੁੰਦੇ ਹਨ।

**ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥ ੨ ॥**

ਜੋ ਦਾਤਾਂ ਜਾਂ ਮੁਕਤੀ ਮਿਲਦੀ ਹੈ ਉਹ ਤਾਂ ਮਾਲਿਕ ਦੀ ਕਿਰਪਾ ਸਦਕਾ ਮਿਲਦੀ ਹੈ। ਉਹ ਦੇਣ ਵਾਲੇ ਦਾਤੇ ਕਦੇ ਨਹੀਂ ਥੱਕਦੇ ਪਰ ਅਸੀਂ ਜੀਵ ਲੈਣ ਲੱਗਿਆਂ ਥੱਕ ਜਾਂਦੇ ਹਾਂ।

**ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਕਿਸੇ ਕੰਮ ਵਿੱਚ ਵਾਧਾ ਹੁੰਦਾ ਹੈ ਤਦ ਵੀ ਭਗਤੀ ਕਰੋ। ਅਗਰ ਕੋਈ ਕਮੀ ਆ ਗਈ ਤਦ ਵੀ ਭਗਤੀ ਕਰੋ। ਭਗਤੀ ਕਰਨ ਨਾਲ ਹਰ ਸਮੇਂ ਬਖਸ਼ਿਸ਼ ਹੁੰਦੀ ਹੈ। ਜਦੋਂ ਵੀ ਸਾਡਾ ਜਾਂ ਤੁਹਾਡਾ ਕੋਈ ਕੰਮ ਰੁਕਦਾ ਹੈ ਤਦ ਅਸੀਂ ਸਾਰੇ ਆਪਣੇ ਕਰਮਾਂ ਨੂੰ ਦੋਸ਼ ਦਿੰਦੇ ਹਾਂ ਜਾਂ ਕਹਿੰਦੇ ਹਾਂ ਕਿ ਸਾਨੂੰ ਕਿਸੇ ਦੀ ਨਜਰ ਲੱਗ ਗਈ ਹੈ ਜਾਂ ਹੋਰ ਵੀ ਕਈ ਕਿਸਮ ਦੇ ਵਹਿਮ ਕਰਦੇ ਹਾਂ। ਅਸਲ ਵਿੱਚ ਅਸੀਂ ਕਦੇ ਵੀ ਮਾਲਿਕ ਦੇ ਕੀਤੇ ਉੱਪਰ ਸੰਤੁਸ਼ਟ ਨਹੀਂ ਹੁੰਦੇ। ਜਿਹੜੇ ਭਗਤ ਭਗਤੀ ਕਰਦੇ ਹਨ ਉਹ ਇਹੋ ਸੋਚਦੇ ਹਨ ਕਿ

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥*

*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥ ੨੨॥*

*(ਅੰਗ 726)*

ਮਾਲਿਕ ਜੋ ਵੀ ਕਰ ਰਹੇ ਹਨ ਸਾਡੇ ਚੰਗੇ ਵਾਸਤੇ ਹੀ ਕਰ ਰਹੇ ਹਨ। ਇਸ ਗੱਲ ਉੱਪਰ ਕਥਾ ਕਰਨੀ, ਜਾਂ ਕਿਸੇ ਨੂੰ ਉਪਦੇਸ਼ ਦੇਣਾ ਬਹੁਤ ਸੌਖਾ ਹੈ। ਪਰ ਸਮਾਂ ਆਉਣ ਤੇ ਇਸ ਬਚਨ ਉੱਪਰ ਖੜੇ ਰਹਿਣਾ ਬਹੁਤ ਮੁਸ਼ਕਿਲ ਹੈ। ਜੀਵ ਨੂੰ ਚਾਹੀਦਾ ਹੈ ਕਿ ਅਗਰ ਕੋਈ ਕਮੀ ਪੇਸ਼ੀ ਆਉਂਦੀ ਹੈ ਜਾਂ ਸੁਖ ਮਿਲਦਾ ਹੈ ਤਾਂ ਉਸ ਦੇ ਸਿਮਰਨ ਵਿੱਚ ਕੋਈ ਕਮੀ ਨਾ ਆਵੇ।

**ਰਾਮ ਨਾਮ ਧਨੁ ਸੰਚਿਆ ਜਾ ਕਾ ਨਹੀ ਸੁਮਾਰੁ॥ ੩॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹੜਾ ਜੀਵ ਰਾਮ ਨਾਮ ਦਾ ਧਨ ਇਕੱਠਾ ਕਰਦਾ ਹੈ ਉਸ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ।

**ਸਰਨਿ ਪਰੇ ਪ੍ਰਭ ਤੇਰੀਆ ਪ੍ਰਭ ਕੀ ਵਡਿਆਈ॥**

ਸੱਚੇ ਪਾਤਿਸ਼ਾਹੋ! ਅਸੀਂ ਤੁਹਾਡੀ ਸ਼ਰਨ ਵਿੱਚ ਆਏ ਹਾਂ ਇਹ ਤੁਹਾਡੀ ਹੀ ਵਡਿਆਈ ਹੈ। ਸ਼ਰਨ ਵਿੱਚ ਵੀ ਤੁਸੀਂ ਹੀ ਲੈ ਕੇ ਆਏ ਹੋ ਅਤੇ ਅਗਾਂਹ ਜੋ ਬਖਸ਼ਿਸ਼ ਕਰਨੀ ਹੈ ਉਹ ਵੀ ਤੁਹਾਡੀ ਹੀ ਵਡਿਆਈ ਹੈ।

**ਨਾਨਕ ਅੰਤੁ ਨ ਪਾਈਐ ਬੇਅੰਤ ਗੁਸਾਈ॥ ੪॥ ੩੨॥ ੬੨॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਹ ਤਾਕਤ ਬੇਅੰਤ ਹੈ ਉਸ ਦਾ ਕੋਈ ਵੀ ਅੰਤ ਨਹੀਂ ਪਾ ਸਕਿਆ। ਉਸ ਦਾ ਕੋਈ ਭੇਦ ਨਹੀਂ ਜਾਣ ਸਕਿਆ। ਜਿਹੜੇ ਜੀਵ ਉਸ ਉੱਪਰ ਵਿਸ਼ਵਾਸ਼ ਰੱਖਦੇ ਹਨ ਉਹ ਸਾਰੀਆਂ ਬਖਸ਼ਿਸ਼ਾਂ ਪ੍ਰਾਪਤ ਕਰਦੇ ਹਨ ਕਿਉਂਕਿ

*ਜਿਹਨਾਂ ਸਿਦਕ ਗੁਰੂ ਤੇ ਰੱਖਿਆ*
*ਉਹਨਾਂ ਸਭ ਕੁਝ ਪਾਇਆ ਏ।*
*ਉਹ ਤਾਂ ਮਲਦੇ ਰਹਿ ਗਏ ਤਲੀਆਂ*
*ਜਿਹਨਾਂ ਨੂੰ ਸਿਦਕ ਨਾ ਆਇਆ ਏ।*

ਸਿਦਕਾਂ ਦਾ ਹੀ ਬੇੜਾ ਪਾਰ ਹੁੰਦਾ ਹੈ।

ਸੋਈ ਹਜ਼ੂਰ ਕਿਰਪਾ ਕਰਨ। ਫੇਰ ਸਾਰੀ ਆਈ ਸੰਗਤ ਨੂੰ ਦੇਸ਼ ਵਿਦੇਸ਼ ਦੀ ਸੰਗਤ ਨੂੰ ਹਜ਼ੂਰ ਦੂਸਰੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਅਵਤਾਰ ਦਿਵਸ ਦੀਆਂ ਲੱਖ ਲੱਖ ਵਧਾਈਆਂ ਹੋਣ। ਹਜ਼ੂਰ ਸਾਰੀ ਸੰਗਤ ਉੱਪਰ ਬਖਸ਼ਿਸ਼ ਕਰਨ।

# ਸਤਿਸੰਗ

**ਟੋਡੀ ਮਹਲਾ ੫ ਘਰੁ ੨ ਚਉਪਦੇ (ਅੰਗ 712)**

**ੴ ਸਤਿਗੁਰ ਪ੍ਰਸਾਦਿ॥**

**ਧਾਇਓ ਰੇ ਮਨ ਦਹ ਦਿਸ ਧਾਇਓ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਅਗਰ ਜੀਵ ਨੇ ਕਿਤੇ ਜਾਣਾ ਹੋਵੇ ਤਾਂ ਘੜੀ ਦੇਖੀ ਜਾਵੇਗਾ ਕਿ ਮੈਂ ਕਿਤੇ ਬੱਸ ਜਾਂ ਟਰੇਨ ਚੜ੍ਹਨ 'ਤੋਂ ਲੇਟ ਨਾ ਹੋ ਜਾਵਾਂ। ਫੇਰ ਬੱਸ ਵਿੱਚ ਬੈਠਾ ਸੋਚੀ ਜਾਵੇਗਾ ਕਿ ਮੇਰੀ ਫਲਾਈਟ ਨਾ ਨਿਕਲ ਜਾਵੇ। ਇੰਝ ਜੀਵ ਭੱਜਾ ਫਿਰਦਾ ਹੈ। ਅਗਰ ਕਿਸੇ ਕੰਮ ਵਾਸਤੇ ਜਾਣਾ ਹੋਵੇ ਤਦ ਵੀ ਸੋਚਦਾ ਹੈ ਕਿ ਜਲਦੀ ਪਹੁੰਚ ਜਾਵਾਂ ਕਿਤੇ ਅਫ਼ਸਰ ਉੱਠ ਨਾ ਜਾਵੇ। ਇੰਝ ਕੰਮਾਂ ਵਾਸਤੇ ਤੇਜ ਤੇਜ ਦੌੜੀਦਾ ਹੈ ਭਾਵੇਂ ਰਸਤੇ ਵਿੱਚ ਤੇਜੀ ਕਾਰਨ ਐਕਸੀਡੈਂਟ ਹੋ ਜਾਵੇ ਪਰ ਕੰਮ ਕਰਨ ਦਾ ਪੂਰਨ ਯਤਨ ਕਰੀਦਾ ਹੈ। ਇਹ ਹੈ ਵੀ ਬਿੱਲਕੁੱਲ ਠੀਕ ਕਿਉਂਕਿ

Time and Tide wait for none.

ਹਜ਼ੂਰ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਅਸੀਂ ਕਾਰੋਬਾਰਾਂ ਜਾਂ ਦੂਸਰੇ ਕੰਮਾਂ ਲਈ ਭੱਜਦੇ ਹਾਂ ਇਸ ਤਰ੍ਹਾਂ ਸਾਡੇ ਮਨ ਅੰਦਰ ਕਿਤੇ ਮਾਲਿਕ ਦੇ ਪਿਆਰਿਆਂ ਦੀ ਸੰਗਤ ਕਰਨ ਦੀ ਖੁਸ਼ੀ ਅਤੇ ਚਾਅ ਹੋਵੇ ਕਿ ਅਗਰ ਮੈਂ ਜਲਦੀ ਪਹੁੰਚ ਜਾਵਾਂਗਾ ਤਾਂ ਵੱਧ ਤੋਂ ਵੱਧ ਦਰਸ਼ਨ ਕਰ ਲਵਾਂਗਾ ਅਤੇ ਵੱਧ ਤੋਂ ਵੱਧ ਬਚਨ ਸੁਣ ਲਵਾਂਗਾ।

**ਮਾਇਆ ਮਗਨ ਸੁਆਦਿ ਲੋਭਿ ਮੋਹਿਓ**
**ਤਿਨਿ ਪ੍ਰਭਿ ਆਪਿ ਭੁਲਾਇਓ॥ ਰਹਾਉ॥**

ਮਾਲਿਕ ਆਪ ਹੀ ਜਾਣ ਬੁਝ ਕੇ ਜੀਵ ਨੂੰ ਇਹਨਾਂ ਚੀਜਾਂ ਦੇ ਮਗਰ ਲਾਉਂਦੇ ਹਨ। ਅਸੀਂ ਸੁਆਦ, ਲੋਭ ਅਤੇ ਮੋਹ ਦੀ ਖਾਤਿਰ ਮਾਇਆ ਵਿੱਚ ਐਨੇ ਖਚਿਤ ਹੋ ਜਾਂਦੇ ਹਾਂ ਫੇਰ ਮਾਲਿਕ ਦੇਖਦੇ ਹਨ ਕਿ ਇਸ ਜੀਵ ਦਾ ਮਾਲਿਕ ਨਾਲ ਪਿਆਰ ਹੈ ਜਾਂ ਇਹਨਾਂ ਚੀਜਾਂ ਨਾਲ ਹੀ ਪਿਆਰ ਹੈ।

**ਹਰਿ ਕਥਾ ਹਰਿ ਜਸ ਸਾਧ ਸੰਗਤਿ ਸਿਉ**
**ਇਕੁ ਮੁਹਤੁ ਨ ਇਹੁ ਮਨੁ ਲਾਇਓ॥**

ਅਸਲ ਵਿੱਚ ਇੰਝ ਹੋਣਾ ਚਾਹੀਦਾ ਹੈ ਕਿ ਆਪਾਂ ਜੀਵ ਹਰੀ

ਦੀ ਕਥਾ ਅਤੇ ਯਸ਼ ਸੁਣਨ ਲਈ ਭੱਜੀਏ। ਪਰ ਇੱਧਰ ਨੂੰ ਸਾਡਾ ਖਿਆਲ ਆਉਂਦਾ ਹੀ ਨਹੀਂ ਹੈ। ਸਤਿਸੰਗ ਵਿੱਚ ਪਹੁੰਚ ਕੇ ਵੀ ਜੀਵ ਦਾ ਖਿਆਲ ਪਿੱਛੇ ਨੂੰ ਰਹਿੰਦਾ ਹੈ ਅਤੇ ਸੋਚਦਾ ਹੈ ਕਿ ਪਤਾ ਨਹੀਂ ਪਰਿਵਾਰ ਨੇ ਬੱਚਿਆਂ ਨੇ ਕੋਈ ਕੰਮ ਕੀਤਾ ਹੈ ਜਾਂ ਨਹੀਂ ਕੀਤਾ? ਫੇਰ ਉਹ ਸਤਿਸੰਗ ਵਿਚੋਂ ਉੱਠ ਕੇ ਬਾਹਰ ਜਾ ਕੇ ਪਰਿਵਾਰ ਨੂੰ ਫੋਨ ਕਰਕੇ ਦੱਸਦਾ ਹੈ ਕਿ ਆਹ ਕੰਮ ਕਰ ਲਵੋ।

**ਬਿਗਸਿਓ ਪੇਖਿ ਰੰਗੁ ਕਸੁੰਭ ਕੋ**
**ਪਰ ਗ੍ਰਿਹ ਜੋਹਨਿ ਜਾਇਓ ॥ ੧ ॥**

ਜੀਵ ਰੂਪ ਕਰੂਪ ਦੇਖ ਕੇ ਦੂਸਰੇ ਪਾਸਿਆਂ ਨੂੰ ਭਟਕਦਾ ਹੈ ਪਰ ਮਾਲਿਕ ਵੱਲ ਨਹੀਂ ਤੁਰਦਾ।

**ਚਰਨ ਕਮਲ ਸਿਉ ਭਾਉ ਨ ਕੀਨੋ**
**ਨਹ ਸਤ ਪੁਰਖੁ ਮਨਾਇਓ ॥**

ਜਿਸ ਤਰ੍ਹਾਂ ਅਸੀਂ ਸਾਰੇ ਹੀ ਦੁਨਿਆਵੀ ਜੀਵਾਂ, ਪਰਿਵਾਰ ਅਤੇ ਅਫ਼ਸਰਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ ਇਸ ਤਰ੍ਹਾਂ ਕਦੇ ਮਾਲਿਕ ਨੂੰ ਖੁਸ਼ ਕਰਨ ਦਾ ਯਤਨ ਨਹੀਂ ਕਰਦੇ।

**ਧਾਵਤ ਕਉ ਧਾਵਹਿ ਬਹੁ ਭਾਤੀ**
**ਜਿਉ ਤੇਲੀ ਬਲਦੁ ਭ੍ਰਮਾਇਓ ॥ ੨ ॥**

ਤਿਲ ਜਾਂ ਸਰਸੋਂ ਦੀ ਘਾਣੀ ਨੂੰ ਪੀੜਨ ਲਈ ਕੋਹਲੂ ਅਗੇ ਜੁਤੇ ਹੋਏ ਬਲਦਾਂ ਦੀਆਂ ਅੱਖਾਂ ਉੱਪਰ ਖੋਪੇ ਬੰਨ ਦਿੱਤੇ ਜਾਂਦੇ ਸਨ। ਉਸ ਨੂੰ ਭੌਂ (ਚੱਕਰ) ਚੜ੍ਹ ਜਾਂਦੇ ਸਨ। ਫੇਰ ਬਲਦ ਸੋਚਦਾ ਹੈ ਕਿ ਮੈਂ ਅੱਜ ਬਹੁਤ ਸਫਰ ਕਰ ਲਿਆ ਹੈ ਇਸ ਕਰਕੇ ਹੁਣ ਮੈਂ ਮਾਲਿਕ ਦੇ ਹੱਥ ਨਹੀਂ ਆਉਣਾ। ਲੇਕਿਨ ਉਸ ਦੇ ਮਾਲਿਕ ਨੇ ਉਸ ਦਾ ਰੱਸਾ ਪਿੱਛੇ ਗਾਢੀ ਨਾਲ ਬੰਨਿਆ ਹੁੰਦਾ ਹੈ। ਜਦੋਂ ਬਲਦ ਦੀਆਂ ਅੱਖਾਂ ਤੋਂ ਖੋਪੇ ਉਤਾਰੇ ਜਾਂਦੇ ਹਨ ਤਾਂ ਉਹ ਦੇਖਦਾ ਹੈ ਕਿ ਉਹ ਉਸੇ ਜਗ੍ਹਾ ਹੀ ਖੜਾ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਆਪਾਂ ਜੀਵ ਭੱਜਦੇ ਬਹੁਤ ਹਾਂ ਲੇਕਿਨ ਤੇਲੀ ਦੇ ਬਲਦ ਵਾਂਗ ਉੱਥੇ ਹੀ ਚੱਕਰ ਕੱਟੀ ਜਾਂਦੇ ਹਾਂ।

**ਨਾਮ ਦਾਨੁ ਇਸਨਾਨੁ ਨ ਕੀਓ**
**ਇਕ ਨਿਮਖ ਨ ਕੀਰਤਿ ਗਾਇਓ ॥**

ਹਜ਼ੂਰ ਫੁਰਮਾਉਂਦੇ ਹਨ ਕਿ ਜਿਵੇ ਗੁਰਬਾਣੀ ਵਿਚ ਦਰਜ ਹੈ

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥*

*(ਅੰਗ 306)*

ਅਨੁਸਾਰ ਗੁਰਬਾਣੀ ਦਾ ਸਿਮਰਨ ਕਰਨ ਲਈ ਪ੍ਰੇਰਨਾ ਦੇਣ ਨੂੰ ਨਾਮ ਦਾਨ ਕਹਿੰਦੇ ਹਨ। ਪਰ ਅਸੀਂ ਨਾ ਹੀ ਕਦੇ ਮਾਲਿਕ ਦੀ ਸੋਭਾ ਕਰਦੇ ਹਾਂ ਅਤੇ ਨਾ ਹੀ ਮਾਲਿਕ ਦਾ ਬਖਸ਼ਿਆ ਹੋਇਆ ਭੇਦ ਅਗਾਂਹ ਕਿਸੇ ਨੂੰ ਵੰਡਣ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਨਾਮ ਦਾਨ ਜਿੰਨਾ ਜਿਆਦਾ ਵੰਡਾਂਗੇ ਓਨਾ ਜਿਆਦਾ ਵਧੇਗਾ।

**ਨਾਨਾ ਝੂਠਿ ਲਾਇ ਮਨੁ ਤੋਖਿਓ**
**ਨਹ ਬੂਝਿਓ ਆਪਨਾਇਓ ॥ ੩ ॥**

ਹਜ਼ੂਰ ਫੁਰਮਾਉਂਦੇ ਹਨ ਕਿ ਫੇਰ ਜੀਵ ਨੂੰ ਆਪਣੇ ਬੇਗਾਨੇ ਦੀ ਪਰਖ ਨਹੀਂ ਰਹਿ ਜਾਂਦੀ ਅਤੇ ਉਹ ਹਰ ਗੱਲ ਵਿੱਚ ਝੂਠ ਦਾ ਸਹਾਰਾ ਲੈਂਦਾ ਹੈ।

**ਪਰਉਪਕਾਰ ਨ ਕਬਹੂ ਕੀਏ**
**ਨਹੀ ਸਤਿਗੁਰੁ ਸੇਵਿ ਧਿਆਇਓ ॥**

ਹਜ਼ੂਰ ਫੁਰਮਾਉਂਦੇ ਹਨ ਕਿ ਨਾ ਹੀ ਅਸੀਂ ਕਿਸੇ ਦੇ ਭਲੇ ਵਾਸਤੇ ਯਤਨ ਕਰਦੇ ਹਾਂ ਅਤੇ ਨਾ ਹੀ ਸੇਵਨਾ ਕਰਕੇ ਉਸ ਮਾਲਿਕ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ।

**ਪੰਚ ਦੂਤ ਰਚਿ ਸੰਗਤਿ ਗੋਸਟਿ**
**ਮਤਵਾਰੋ ਮਦ ਮਾਇਓ ॥ ੪ ॥**

ਅਸੀਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ ਸੰਗਤ ਕਰਕੇ ਹਾਥੀਆਂ ਵਾਂਗ ਮਸਤ ਹੋਏ ਪਏ ਹਾਂ ਅਤੇ ਸੋਚਦੇ ਹਾਂ ਕਿ

*ਇਹੋ ਜਗ ਮਿੱਠਾ, ਅਗਲਾ ਕਿਸ ਡਿੱਠਾ।*

**ਕਰਉ ਬੇਨਤੀ ਸਾਧਸੰਗਤਿ**
**ਹਰਿ ਭਗਤਿ ਵਛਲ ਸੁਣਿ ਆਇਓ ॥**

ਸੱਚੇ ਪਾਤਿਸ਼ਾਹੋ! ਆਪਣੇ ਬਿਰਦ ਦੀ ਲਾਜ ਰੱਖਦੇ ਹੋਏ ਮੈਨੂੰ ਦਰਸ਼ਨ ਬਖਸ਼ਿਓ।

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ*
*ਪ੍ਰਹਲਾਦੁ ਤਰਾਇਆ ॥ (ਅੰਗ 451)*

ਉਹ ਮਾਲਿਕ ਪ੍ਰਹਿਲਾਦ ਦੀ ਬੇਨਤੀ ਸੁਣ ਕੇ ਨਰਸਿੰਘ ਰੂਪ ਧਾਰ ਕੇ ਆ ਗਏ ਸੀ ਪਰ ਅਸੀਂ ਕਦੇ ਭਗਤ ਬਣ ਕੇ ਉਸ ਮਾਲਿਕ ਦੇ ਚਰਨਾਂ ਵਿੱਚ ਬੇਨਤੀ ਹੀ ਨਹੀਂ ਕਰਦੇ।

**ਨਾਨਕ ਭਾਗਿ ਪਰਿਓ ਹਰਿ ਪਾਛੈ**
**ਰਾਖੁ ਲਾਜ ਅਪੁਨਾਇਓ ॥ ੫ ॥ ੧ ॥੩ ॥**

ਹਜ਼ੂਰ ਫੁਰਮਾਉਂਦੇ ਹਨ ਕਿ ਐ ਜੀਵ! ਸੰਤਾਂ ਦੀ ਸੰਗਤ ਵਿੱਚ ਭੱਜ ਕੇ ਜਾਹ ਅਤੇ ਬੇਨਤੀ ਕਰ ਕਿ ਹਜ਼ੂਰ ਆਪਣੇ ਬਿਰਦ ਦੀ ਲਾਜ ਰੱਖਿਓ ਅਤੇ ਮੇਰੀ ਬੇਨਤੀ ਪ੍ਰਵਾਨ ਕਰਕੇ ਮੈਨੂੰ ਵੀ ਆਪਣੇ ਦਰਸ਼ਨ ਬਖਸ਼ੋ। ਜੀਵ ਨੂੰ ਇਸ ਤਰ੍ਹਾਂ ਦੀਆਂ ਅਰਦਾਸਾਂ ਅਤੇ ਬੇਨਤੀਆਂ ਕਰਦੇ ਰਹਿਣਾ ਚਾਹੀਦਾ ਹੈ।

## ਸਤਿਸੰਗ

**ਸੂਹੀ ਮਹਲਾ ੪ ਘਰੁ ੫ (ਅੰਗ 776)**

**ੴ ਸਤਿਗੁਰ ਪ੍ਰਸਾਦਿ ॥**

**ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ**

**ਮੇਰੀ ਤ੍ਰਿਸਨਾ ਬੁਝਿ ਗਈਆਸੇ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਆਪਣੇ ਸਤਿਗੁਰ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੀ ਉਸਤਿਤ ਕਰਦੇ ਹੋਏ ਭੇਦ ਬਖਸ਼ ਰਹੇ ਹਨ। ਉਹ ਸੰਗਤ ਨੂੰ ਸੰਤ ਕਹਿ ਕੇ ਪੁਕਾਰ ਕਰ ਰਹੇ ਹਨ ਕਿ ਜਦੋਂ ਮੈਨੂੰ ਮੇਰੇ ਸਤਿਗੁਰ ਦਾ ਭੇਦ ਪਤਾ ਚੱਲਿਆ ਅਤੇ ਮੈਂ ਉਹਨਾਂ ਨੂੰ ਆਪਣੇ ਸਤਿਗੁਰ ਸਮਝ ਕੇ ਮਿਲਿਆ ਤਾਂ ਮੇਰੀਆਂ ਸਾਰੀਆਂ ਆਸ਼ਾ, ਤ੍ਰਿਸ਼ਨਾ, ਵਾਸ਼ਨਾ ਖਤਮ ਹੋ ਗਈਆਂ।

**ਹਉ ਮਨੁ ਤਨੁ ਦੇਵਾ ਸਤਿਗੁਰੈ**

**ਮੈ ਮੇਲੇ ਪ੍ਰਭ ਗੁਣਤਾਸੇ ॥**

ਹਜ਼ੂਰ ਫੁਰਮਾਉਂਦੇ ਹਨ ਕਿ ਹੁਣ ਮੈਂ ਆਪਣਾ ਮਨ ਅਤੇ ਤਨ ਆਪਣੇ ਸਤਿਗੁਰ ਨੂੰ ਸਮਰਪਿਤ ਕਰਦਾ ਹਾਂ ਜਿਹਨਾਂ ਨੇ ਆਪ ਹੀ ਗੁਣਾਂ ਦੇ ਭੰਡਾਰ ਨਾਲ ਮੇਰਾ ਨਾਤਾ ਜੋੜ ਕੇ ਮੇਰਾ ਮਿਲਾਪ ਕਰਾ ਦਿੱਤਾ ਹੈ।

**ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ ॥**

ਮੈਂ ਆਪਣੇ ਸਤਿਗੁਰ ਦਾ ਸ਼ੁਕਰਾਨਾ ਕਰਦਾ ਹਾਂ ਜਿਹਨਾਂ ਨੇ ਮੈਨੂੰ ਆਪਣਾ ਬੱਚਾ ਸਮਝ ਕੇ ਸਾਰਾ ਭੇਦ ਬਖਸ਼ਿਆ ਹੈ। ਉਹ ਮੇਰੇ ਗੁਰੂ ਹਨ ਅਤੇ ਧੰਨ ਹਨ ਜਿਹਨਾਂ ਨੇ ਮੇਰੇ ਉੱਪਰ ਐਨੀ ਬਖਸ਼ਿਸ਼ ਕੀਤੀ ਹੈ।

**ਵਡਭਾਗੀ ਹਰਿ ਪਾਇਆ**

**ਜਨ ਨਾਨਕ ਨਾਮਿ ਵਿਗਾਸੇ ॥ ੧ ॥**

ਜਦੋਂ ਮੇਰੇ ਸਤਿਗੁਰ ਨੇ ਮੈਨੂੰ ਸਭ ਤੋਂ ਵੱਡੀ ਦਾਤ ਨਾਮ ਦੀ ਦਾਤ ਬਖਸ਼ ਦਿੱਤੀ ਉਦੋਂ ਮੈਂ ਵੱਡੇ ਭਾਗਾਂ ਵਾਲਾ ਬਣ ਗਿਆ। ਇਸ ਤੋਂ ਵੱਡੀ ਮੈਨੂੰ ਹੋਰ ਕੋਈ ਖੁਸ਼ੀ ਨਹੀਂ ਹੈ।

## ਸਤਿਸੰਗ

**॥ ਰਾਮਕਲੀ ਮਹਲਾ ੩ ਅਨੰਦੁ (ਅੰਗ 922)**

**ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਸਾਡੇ ਹਿੱਤ ਵਾਸਤੇ ਸਾਨੂੰ ਸਿੱਖਿਆ ਬਖਸ਼ ਰਹੇ ਹਨ ਕਿ ਜਿੰਨੀ ਵੀ ਸੰਗਤ ਬੈਠੀ ਹੈ ਜਾਂ ਦੇਸ਼ ਵਿਦੇਸ਼ ਵਿਚੋਂ ਜੋ ਸੰਗਤ ਨਹੀਂ ਆਈ ਸਭ ਨੂੰ ਚਾਹੀਦਾ ਹੈ ਕਿ ਅਗਰ ਕੋਈ ਜੀਵ ਤੁਹਾਡੇ ਕੋਲ ਆ ਕੇ ਕਿਸੇ ਦੀ ਨਿੰਦਿਆ ਕਰਦਾ ਹੈ ਜਾਂ ਆਪਣੀ ਸੋਭਾ ਕਰਦਾ ਹੈ ਜਾਂ ਤੁਹਾਡੀ ਸੋਭਾ ਕਰਦਾ ਹੈ ਤਦ ਉਸ ਨੂੰ ਕਹੋ ਕਿ ਭਾਈ! ਤੂੰ ਜੋ ਗੱਲਾਂ ਕਰ ਰਿਹਾ ਏਂ ਉਹਨਾਂ ਨੂੰ ਸੁਣਨ ਵਾਸਤੇ ਮਾਲਿਕ ਨੇ ਮੈਨੂੰ ਇਹ ਕੰਨ ਨਹੀਂ ਬਖਸ਼ੇ। ਇਹ ਕੰਨ ਤਾਂ ਮਾਲਿਕ ਨੇ ਗੁਰੂ ਦੀ ਸੋਭਾ ਸੁਣਨ ਵਾਸਤੇ ਬਖਸ਼ੇ ਹਨ।

*ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥*

*(ਅੰਗ 647)*

ਹਜ਼ੂਰ ਜੋ ਭੇਦ ਬਖਸ਼ ਰਹੇ ਹਨ ਇਹ ਕਿਸੇ ਇੱਕ ਜੁਗ ਜਾਂ ਇੱਕ ਜੀਵ ਵਾਸਤੇ ਨਹੀਂ ਹੈ। ਇਹ ਭੇਦ ਸਾਰੇ ਜੁਗਾਂ ਲਈ ਹੈ ਅਤੇ ਹਿੰਦੂ, ਮੁਸਲਿਮ, ਸਿੱਖ, ਈਸਾਈ ਆਦਿ ਸਭਨਾ ਵਾਸਤੇ ਹੈ। ਅਗਰ ਐਸਾ ਹੁਕਮਨਾਮਾ ਆਉਂਦਾ ਹੈ ਤਾਂ ਉਹ ਕਿਸੇ ਇੱਕ ਪਰਿਵਾਰ ਵਾਸਤੇ ਨਾ ਹੋ ਕੇ ਸਾਰਿਆਂ ਵਾਸਤੇ ਸਾਂਝਾ ਹੁੰਦਾ ਹੈ।

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਕੋਈ ਪ੍ਰਾਣੀ ਤੁਹਾਨੂੰ ਕੋਈ ਗਲਤ ਗੱਲ ਜਾਂ ਨਿੰਦਾ ਚੁਗਲੀ ਸੁਣਾਉਂਦਾ ਹੈ ਤਾਂ ਉਸ ਨੂੰ ਉਸੇ ਵਕਤ ਕਹਿ ਦੇਵੋ ਕਿ ਨਾ ਭਾਈ! ਮਾਲਿਕ ਨੇ ਮੈਨੂੰ ਇਹ ਕੰਨ ਗੁਰੂ ਦਾ ਯਸ਼ ਸੁਣਨ ਵਾਸਤੇ ਦਿੱਤੇ ਹਨ। ਅਗਰ ਕੋਈ ਗੁਰੂ ਦੀ ਗੱਲ ਸੁਣਾਉਣੀ ਹੈ ਤਾਂ ਜਰੂਰ ਸੁਣਾ ਵਰਨਾ ਚੁੱਪ ਕਰਕੇ ਇਥੋਂ ਚਲਿਆ ਜਾਹ।

**ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ**

**ਸੁਣਹੁ ਸਤਿ ਬਾਣੀ ॥**

ਕੰਨ ਵੀ ਸੱਚ ਸੁਣਨ ਵਾਸਤੇ ਲਾਏ ਹਨ ਅਤੇ ਸਰੀਰ ਵੀ ਸੱਚ ਨਾਲ ਜੁੜਨ ਵਾਸਤੇ ਬਖਸ਼ਿਆ ਹੈ ਕਿਉਂਕਿ

*ਲਖ ਚਉਰਾਸੀਹ ਜੋਨਿ ਸਬਾਈ॥*

*ਮਾਣਸ ਕਉ ਪ੍ਰਭਿ ਦੀਈ ਵਡਿਆਈ॥*

*ਇਸੁ ਪਉੜੀ ਤੇ ਜੋ ਨਰੁ ਚੂਕੈ*

*ਸੋ ਆਇ ਜਾਇ ਦੁਖੁ ਪਾਇਦਾ॥ (ਅੰਗ 1075)*

ਸਰੀਰ ਨੂੰ ਸੱਚੀ ਬਾਣੀ ਦੇ ਨਾਲ ਜੁੜਨ ਦੀ ਪਹਿਲ ਦੇਣੀ ਹੈ। ਬਾਕੀ ਸਾਰੇ ਕਾਰ-ਵਿਹਾਰ ਅਤੇ ਪਰਿਵਾਰਿਕ ਕੰਮ ਕਰਨੇ ਅਤੇ ਮਸਲੇ ਵੀ ਸੁਣਨੇ ਹਨ ਪਰ ਪਹਿਲ ਗੁਰਬਾਣੀ ਨੂੰ ਦੇਣੀ ਹੈ।

**ਜਿਤੁ ਸੁਣੀ ਮਨੁ ਤਨੁ ਹਰਿਆ ਹੋਆ**

**ਰਸਨਾ ਰਸਿ ਸਮਾਣੀ॥**

ਅਗਰ ਮਨ ਵਿੱਚ ਕਲੇਸ਼ ਕਲਪਣਾ ਹੋਵੇ ਜਾਂ ਕੋਈ ਪਰਿਵਾਰਿਕ ਗੱਲ ਹੋਵੇ ਤਦ ਜੇਕਰ ਅਸੀਂ ਪਹਿਲਾਂ ਗੁਰਬਾਣੀ ਸੁਣ ਲਵਾਂਗੇ ਤਾਂ ਸਾਡਾ ਮਨ ਹਰਿਆ ਭਰਿਆ ਹੋ ਜਾਵੇਗਾ। ਵਰਨਾ ਉਹ ਖਿਝ- ਖਿਝਾਹਟ ਵਧਦੀ ਵਧਦੀ ਤੋਂ ਬਹੁਤ ਗੱਲ ਵੱਧ ਜਾਂਦੀ ਹੈ। ਜਿਸ ਤਰ੍ਹਾਂ ਲੱਸੀ ਜਿਨ੍ਹੀ ਮਰਜੀ ਵਧਾ ਸਕਦੇ ਹੋ। ਉਸ ਵਿੱਚ ਜਿੰਨਾ ਮਰਜੀ ਪਾਣੀ ਪਾ ਲਵੋ ਉਸ ਦਾ ਰੰਗ ਚਿੱਟਾ ਜਿਹਾ ਰਹਿਣਾ ਹੀ ਹੈ। ਇਸੇ ਤਰ੍ਹਾਂ ਲੜਾਈ ਜਾਂ ਕਲੇਸ਼ ਵੀ ਜਿੰਨਾ ਮਰਜੀ ਵਧਾ ਲਵੋ। ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਸਾਡੀ ਰਸਨਾ ਵਿੱਚ ਗੁਰਬਾਣੀ ਦਾ ਰਸ ਜਾਵੇਗਾ ਤਦ ਸਾਡਾ ਮਨ ਅਤੇ ਸਰੀਰ ਸ਼ਾਂਤ ਰਹੇਗਾ।

**ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ॥**

ਅਗਰ ਅਸੀਂ ਸੱਚ ਦੀ ਵਡਿਆਈ ਕਰਾਂਗੇ ਫੇਰ ਦੁਨੀਆਂ ਦੀ ਹੋਰ ਕੋਈ ਚੀਜ ਵੀ ਉਸ ਸੱਚ ਦੀ ਤੁਲਨਾ ਜਾਂ ਬਰਾਬਰੀ ਨਹੀਂ ਕਰ ਸਕਦੀ।

**ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ**

**ਸਾਚੈ ਸੁਨਣੈ ਨੋ ਪਠਾਏ॥ ੩੭॥**

ਹਜ਼ੂਰ ਫੁਰਮਾਉਂਦੇ ਹਨ ਕਿ ਅੰਮ੍ਰਿਤ ਰੂਪੀ ਨਾਮ ਦੀ ਕਥਾ ਸੁਣੋ।

*ਹਰਿ ਕੀਆ ਕਥਾ ਕਹਾਣੀਆ*

*ਗੁਰਿ ਮੀਤਿ ਸੁਣਾਈਆ॥*

*ਬਲਿਹਾਰੀ ਗੁਰ ਆਪਣੇ*

*ਗੁਰ ਕਉ ਬਲਿ ਜਾਈਆ॥ ੧॥ (ਅੰਗ 725)*

ਆਪਣੇ ਸਤਿਗੁਰ ਤੋਂ ਬਲਿਹਾਰ ਜਾਵੋ ਜਿਹੜੇ ਸੱਚ ਦੀ ਕਥਾ ਸੁਣਾਉਂਦੇ ਹਨ। ਉਸ ਕਥਾ ਨੂੰ ਸੁਣਨ ਨਾਲ ਸਭ ਕੁਝ ਪਵਿਤਰ ਹੋ ਜਾਂਦਾ ਹੈ। ਕੰਨਾਂ ਦਾ ਸਹੀ ਇਸਤੇਮਾਲ ਹੋ ਜਾਂਦਾ ਹੈ। ਜਿਸ ਘਰ ਦੇ ਮੈਂਬਰ ਗੁਰਬਾਣੀ ਸੁਣਦੇ ਹਨ ਉਸ ਘਰ ਵਿੱਚ ਸਾਰਾ ਪਰਿਵਾਰ ਸੁਖ ਸ਼ਾਂਤੀ ਨਾਲ ਰਹਿੰਦਾ ਹੈ। ਕਿਉਂਕਿ

*ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ॥ ੨॥*

*(ਅੰਗ 660)*

ਤਥਾ

*ਸੁਣਿਐ ਅੰਧੇ ਪਾਵਹਿ ਰਾਹੁ॥*

*ਸੁਣਿਐ ਹਾਥ ਹੋਵੈ ਅਸਗਾਹੁ॥*

*ਨਾਨਕ ਭਗਤਾ ਸਦਾ ਵਿਗਾਸੁ॥*

*ਸੁਣਿਐ ਦੂਖ ਪਾਪ ਕਾ ਨਾਸੁ॥ ੧੧॥ (ਅੰਗ 3)*

ਗੁਰਬਾਣੀ ਵਿੱਚ ਹਰ ਥਾਂ ਸੁਣਨ ਦਾ ਭੇਦ ਆਉਂਦਾ ਹੈ ਸਿਰਫ਼ ਇੱਕ ਥਾਂ ਆਇਆ ਹੈ ਕਿ

*ਗਾਵਤੇ ਉਧਰਹਿ ਸੁਣਤੇ ਉਧਰਹਿ*

*ਬਿਨਸਹਿ ਪਾਪ ਘਨੇਰੇ॥ (ਅੰਗ 802)*

ਕਿ ਗੁਰੂ ਦੇ ਗੁਣ ਗਾਉਣ ਵਾਲੇ ਵੀ ਅਤੇ ਸੁਣਨ ਵਾਲੇ ਵੀ ਤਰ ਜਾਂਦੇ ਹਨ। ਪਰ ਜਿਆਦਾ ਮਹੱਤਤਾ ਸੁਣਨ ਨੂੰ ਦਿੱਤੀ ਗਈ ਹੈ।

## ਸਤਿਸੰਗ

**॥ ਆਸਾ ਮਹਲਾ ੩ ਪੰਚਪਦੇ॥**

**(ਅੰਗ 364)**

**ਸਬਦਿ ਮਰੈ ਤਿਸੁ ਸਦਾ ਅਨੰਦ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਇਸ ਹੁਕਮਨਾਮੇ ਵਿੱਚ ਭੇਦ ਬਖਸ਼ ਰਹੇ ਹਨ ਕਿ

*ਕਬੀਰ ਮਰਤਾ ਮਰਤਾ ਜਗੁ ਮੂਆ*

*ਮਰਿ ਭੀ ਨ ਜਾਨਿਆ ਕੋਇ॥*

*ਐਸੇ ਮਰਨੇ ਜੋ ਮਰੈ*

*ਬਹੁਰਿ ਨ ਮਰਨਾ ਹੋਇ॥ ੨੯॥*

*(ਅੰਗ 1365-66)*

ਜੋ ਜੀਵ ਸ਼ਬਦ ਦੁਆਰਾ ਭਾਵ ਗੁਰਬਾਣੀ ਦੇ ਸਿਮਰਨ ਦੁਆਰਾ ਆਪਾ ਮਾਰ ਲੈਂਦੇ ਹਨ ਉਹਨਾਂ ਨੂੰ ਸਦਾ ਹੀ ਖੁਸ਼ੀਆਂ, ਖੇੜੇ ਅਤੇ ਚਾਅ ਰਹਿੰਦਾ ਹੈ।

**ਸਤਿਗੁਰ ਭੇਟੇ ਗੁਰ ਗੋਬਿੰਦ॥**

ਜਦੋਂ ਜੀਵ ਨੇ ਆਪਾ ਮਾਰ ਲਿਆ ਅਤੇ ਉਸ ਨੂੰ ਪੂਰਨ ਸਾਧੂ ਮਿਲ ਜਾਣ ਫੇਰ ਉਸ ਨੂੰ ਗੁਰ ਵੀ ਮਿਲ ਗਿਆ ਅਤੇ ਗੋਬਿੰਦ ਵੀ ਮਿਲ ਗਏ। ਗੁਰ ਉਹ ਹੈ ਜਿਸ ਉੱਪਰ ਗੋਬਿੰਦ ਦੀ ਬਖਸ਼ਿਸ਼ ਹੋਈ ਹੋਵੇ ਅਤੇ ਗੋਬਿੰਦ ਉਹ ਹੈ ਜੋ ਦੁਨੀਆਂ ਦੀ ਰਚਨਹਾਰ ਤਾਕਤ ਹੈ। ਉਸ ਜੀਵ ਨੂੰ ਦੋਵਾਂ ਤਾਕਤਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

**ਨਾ ਫਿਰਿ ਮਰੈ ਨ ਆਵੈ ਜਾਇ॥**

ਫੇਰ ਉਹ ਜੀਵ ਦੁਬਾਰਾ ਜੰਮਦਾ ਮਰਦਾ ਨਹੀਂ ਹੈ ਅਤੇ ਚੁਰਾਸੀ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ।

**ਪੂਰੇ ਗੁਰ ਤੇ ਸਾਚ ਸਮਾਇ॥੧॥**

ਅਗਰ ਜੀਵ ਨੂੰ ਪੂਰਨ ਸਤਿਗੁਰ ਮਿਲ ਜਾਣ ਫੇਰ ਉਹ ਸਚ ਵਿੱਚ ਸਮਾ ਜਾਂਦਾ ਹੈ।

*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ॥ ੩॥ (ਅੰਗ 633-34)*

ਜਿਸ ਤਰ੍ਹਾਂ ਪਾਣੀ ਦਾ ਗਿਲਾਸ ਸਮੁੰਦਰ ਵਿੱਚ ਡਿੱਗ ਕੇ ਸਮੁੰਦਰ ਦਾ ਰੂਪ ਹੀ ਬਣ ਜਾਂਦਾ ਹੈ ਇਸ ਤਰ੍ਹਾਂ ਜੀਵ ਦੀ ਆਤਮਾ ਉਸ ਜੋਤ ਵਿੱਚ ਮਿਲ ਕੇ ਜੋਤ ਬਣ ਜਾਂਦੀ ਹੈ। ਸੋਈ ਪੂਰਨ ਸੰਤਾਂ ਦੀ ਬਖਸ਼ਿਸ਼ ਦੁਆਰਾ ਹੀ ਜੀਵ ਸੱਚ ਵਿੱਚ ਸਮਾ ਸਕਦਾ ਹੈ।

**ਜਿਨ੍ ਕਉ ਨਾਮੁ ਲਿਖਿਆ ਧੁਰਿ ਲੇਖੁ॥**

ਜਿਸ ਦੇ ਮਸਤਕ ਵਿੱਚ ਨਾਮ ਦੀ ਬਖਸ਼ਿਸ਼ ਲਿਖੀ ਹੋਈ ਹੁੰਦੀ ਹੈ ਉਹਨਾਂ ਬਾਰੇ ਹਜ਼ੂਰ ਅਗੇ ਭੇਦ ਬਖਸ਼ਣ।

**ਤੇ ਅਨਦਿਨੁ ਨਾਮੁ ਸਦਾ ਧਿਆਵਹਿ**
**ਗੁਰ ਪੂਰੇ ਤੇ ਭਗਤਿ ਵਿਸੇਖੁ॥ ੧॥ ਰਹਾਉ॥**

ਉਹ ਹਮੇਸ਼ਾਂ ਹੀ ਗੁਰੂ ਦੇ ਨਾਮ ਦਾ ਜਾਪ ਕਰਦੇ ਹਨ ਅਤੇ ਗੁਰੂ ਉਹਨਾਂ ਨੂੰ ਆਪਣੇ ਘਰ ਵਿੱਚ ਆਪਣੇ ਕੋਲ ਹੀ ਵਾਸਾ ਬਖਸ਼ ਦਿੰਦੇ ਹਨ।

**ਜਿਨ੍ ਕਉ ਹਰਿ ਪ੍ਰਭੁ ਲਏ ਮਿਲਾਇ॥**

ਜਿਸ ਜੀਵ ਨੂੰ ਉਹ ਪੂਰਨ ਤਾਕਤ ਮਿਲਾਪ ਬਖਸ਼ ਦਿੰਦੀ ਹੈ।

**ਤਿਨ੍ ਕੀ ਗਹਣ ਗਤਿ ਕਹੀ ਨ ਜਾਇ॥**

ਉਹਨਾਂ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ, ਉਹਨਾਂ ਦਾ ਕੋਈ ਸ਼ਰੀਕ ਨਹੀਂ ਬਣ ਸਕਦਾ। ਉਹਨਾਂ ਦੀ ਕੋਈ ਗਤੀ ਵੀ ਨਹੀਂ ਗਿਣ ਸਕਦਾ ਕਿ ਉਹ ਕਿੰਨੀ ਕੁ ਤਾਕਤ ਵਾਲੇ ਹਨ ਜਾਂ ਕਿੰਨੇ ਕੁ ਉੱਚੇ ਸੁੱਚੇ ਹਨ।

**ਪੂਰੈ ਸਤਿਗੁਰ ਦਿਤੀ ਵਡਿਆਈ॥**

ਉਹਨਾਂ ਨੂੰ ਮਾਲਿਕ ਆਪ ਹੀ ਵਡਿਆਈ ਬਖਸ਼ਦੇ ਹਨ। ਉਸ ਵਡਿਆਈ ਨੂੰ ਖੁਦ ਕੋਈ ਵੀ ਹਾਸਿਲ ਨਹੀਂ ਕਰ ਸਕਦਾ। ਉਹ ਵਡਿਆਈ ਉਸ ਮਾਲਿਕ ਦੀ ਬਖਸ਼ਿਸ਼ ਸਦਕਾ ਹੀ ਪ੍ਰਾਪਤ ਹੁੰਦੀ ਹੈ।

**ਊਤਮ ਪਦਵੀ ਹਰਿ ਨਾਮ ਸਮਾਈ॥ ੨॥**

ਜਦੋਂ ਜੀਵ ਦੀ ਆਤਮਾ ਨਾਮ ਵਿੱਚ ਸਮਾ ਜਾਂਦੀ ਹੈ ਫੇਰ ਉੱਚੀ ਤੋਂ ਉੱਚੀ ਪਦਵੀ ਵਾਲੇ ਵੀ ਉਸ ਦੀ ਬਰਾਬਰੀ ਨਹੀਂ ਕਰ ਸਕਦੇ।

**ਜੋ ਕਿਛੁ ਕਰੇ ਸੁ ਆਪੇ ਆਪਿ॥**

ਫੇਰ ਉਹ ਜੀਵ ਮਾਲਿਕ ਦੇ ਸਮਰਪਿਤ ਹੋ ਜਾਂਦਾ ਹੈ ਕਿ ਮਾਲਿਕ ਜੋ ਵੀ ਕਰਨਗੇ ਉਹੋ ਹੀ ਠੀਕ ਹੈ। ਉਹ ਸੇਵਕ, ਆਤਮਾ ਜਾਂ ਸਰੀਰ ਸਮਝਦਾ ਹੈ ਕਿ ਮੈਂ ਵਿੱਚ ਦਖਲ ਕਿਉਂ ਦੇਵਾਂ ਜੋ ਵੀ ਮਾਲਿਕ ਠੀਕ ਸਮਝਦੇ ਹਨ ਉਹੋ ਹੀ ਕਰਦੇ ਹਨ।

**ਏਕ ਘੜੀ ਮਹਿ ਥਾਪਿ ਉਥਾਪਿ॥**

ਉਹ ਮਾਲਿਕ ਤਾਂ ਕੀੜਿਆਂ ਨੂੰ ਪਾਤਿਸ਼ਾਹੀਆਂ ਬਖਸ਼ ਦਿੰਦੇ ਹਨ।

*ਕੀੜਾ ਥਾਪਿ ਦੇਇ ਪਾਤਿਸਾਹੀ..........॥*

*(ਅੰਗ 144)*

ਇੱਕ ਘੜੀ ਵਿੱਚ ਹੀ ਰਾਉ ਤੋਂ ਰੰਕ ਅਤੇ ਰੰਕ ਤੋਂ ਰਾਉ ਬਣਾ ਦਿੰਦੇ ਹਨ। ਅਰਥਾਤ ਉਹ ਬਾਦਸ਼ਾਹ ਨੂੰ ਮੰਗਤਾ ਅਤੇ ਮੰਗਤੇ ਨੂੰ ਬਾਦਸ਼ਾਹ ਬਣਾ ਸਕਦੇ ਹਨ।

**ਕਹਿ ਕਹਿ ਕਹਣਾ ਆਖਿ ਸੁਣਾਏ॥**

ਹਜ਼ੂਰ ਫੁਰਮਾਉਂਦੇ ਹਨ ਕਿ ਕਿਸ ਕਿਸ ਨੂੰ ਰੌਲਾ ਪਾ ਕੇ

ਮਾਲਿਕ ਦੀ ਤਾਕਤ ਜਾਂ ਬਖਸ਼ਿਸ਼ ਬਾਰੇ ਦੱਸੀਏ?

**ਜੇ ਸਉ ਘਾਲੇ ਥਾਇ ਨ ਪਾਏ॥ ੩॥**

ਅਸੀਂ ਰੌਲਾ ਪਾ ਕੇ ਥੱਕ ਸਕਦੇ ਹਾਂ ਪਰ ਉਸ ਮਾਲਿਕ ਦੀ ਸੋਭਾ ਐਨੀ ਸੁੱਚੀ ਹੈ ਕਿ ਸਾਡੇ ਕੋਲੋਂ ਕੀਤੀ ਨਹੀਂ ਜਾ ਸਕਦੀ। ਤਦੇ ਹਜ਼ੂਰ ਨੇ ਫੁਰਮਾਨ ਕੀਤਾ ਹੈ ਕਿ

*ਭਲੇ ਅਮਰਦਾਸ ਗੁਣ ਤੇਰੇ*

*ਤੇਰੀ ਉਪਮਾ ਤੋਹਿ ਬਨਿ ਆਵੈ॥ ੧॥ (ਅੰਗ 1396)*

ਹਜ਼ੂਰ! ਤੁਹਾਡੀ ਬਖਸ਼ਿਸ਼ ਤੋਂ ਬਗੈਰ ਕੋਈ ਤੁਹਾਡੀ ਉਪਮਾ ਵੀ ਨਹੀਂ ਕਰ ਸਕਦਾ।

**ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਇ॥**

ਜਿਸ ਜੀਵ ਦੇ ਪੋਤੈ ਅਰਥਾਤ ਅੱਛੇ ਭਾਗ ਹੋਣ ਉਸੇ ਨੂੰ ਹੀ ਪੂਰਨ ਸਾਧੂ ਸੰਤਾਂ ਦਾ ਮਿਲਾਪ ਹੁੰਦਾ ਹੈ।

**ਸਚੁ ਬਾਣੀ ਗੁਰੁ ਸਬਦੁ ਸੁਣਾਏ॥**

ਉਹ ਗੁਰੂ ਰੂਪੀ ਤਾਕਤ ਜਿਸ ਜੀਵ ਉੱਪਰ ਬਖਸ਼ਿਸ਼ ਕਰਕੇ ਉੱਚੇ ਭਾਗ ਬਣਾਉਂਦੀ ਹੈ ਉਸੇ ਦੇ ਕੰਨਾਂ ਵਿੱਚ ਸੱਚ ਰੂਪੀ ਬਾਣੀ ਦੀ ਅਵਾਜ ਪੈਂਦੀ ਹੈ।

**ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ॥**

ਜਿੱਥੇ ਕੰਨਾਂ ਵਿੱਚ ਪੈ ਕੇ ਸ਼ਬਦ ਨੇ ਵਾਸਾ ਕਰਨਾ ਹੈ ਉਸ ਦੇ ਸਾਰੇ ਦੁੱਖ ਨਵਿਰਤ ਹੋ ਜਾਣੇ ਹਨ।

ਅਸੀਂ ਕੰਨਾਂ ਵਿੱਚ ਪੈ ਕੇ ਇਸ ਕਰਕੇ ਕਹਿ ਰਹੇ ਹਾਂ ਕਿ ਜੋ ਪੱਥਰ ਦੀ ਮੂਰਤੀ ਹੈ ਉਸ ਬਾਰੇ ਹਜ਼ੂਰ ਕਬੀਰ ਸਾਹਿਬ ਜੀ ਨੇ ਫੁਰਮਾਨ ਕੀਤਾ ਹੈ ਕਿ

*ਅਗਰ ਜੇ ਮੂਰਤ ਸਾਚੀ ਹੋਤੀ ਘੜਨਹਾਰ ਕਉ ਖਾਤੀ।*

*ਘੜਨਹਾਰ ਨੇ ਘੜਿਆ ਇਸ ਕਉ ਦੇ ਕੇ ਪਾਉਂ ਛਾਤੀ।*

ਕਾਰੀਗਰ ਜਦੋਂ ਪੱਥਰ ਦੀ ਮੂਰਤੀ ਨੂੰ ਛੈਣੀ ਅਤੇ ਹਥੌੜੇ ਦੇ ਨਾਲ ਘੜਦੇ ਹਨ ਉਹ ਉਸ ਉੱਪਰ ਪੈਰ ਰੱਖ ਰੱਖ ਕੇ ਕੰਮ ਕਰਦੇ ਹਨ। ਕਿਸੇ ਮੂਰਤੀਕਾਰ ਨੇ ਸੋਚਿਆ ਕਿ ਮੈਂ ਮੂਰਤੀ ਨੂੰ ਬੜੀ ਰੀਝ ਨਾਲ ਬਣਾਇਆ ਸੀ ਭਲਾ ਦੇਖ ਕੇ ਆਵਾਂ ਕਿ ਉਸ ਦੀ ਕਿੰਨੀ ਕੁ ਕਦਰ ਪਈ ਹੈ? ਉਹ ਮੰਦਰ ਵਿੱਚ ਮੂਰਤੀ ਨੂੰ ਦੇਖਣ ਲਈ ਗਿਆ ਤਾਂ ਉਸ ਨੇ ਮੈਲੇ ਕੱਪੜੇ ਪਾਏ ਹੋਏ ਸਨ। ਉਥੋਂ ਦੇ ਪੰਡਿਤਾਂ ਨੇ ਜਾਂ ਮੈਨੇਜਮੈਂਟ ਦੇ ਬੰਦਿਆਂ ਨੇ ਕਿਹਾ ਕਿ ਤੂੰ ਸਾਡੇ ਭਗਵਾਨ ਨੂੰ ਗੰਦਾ ਕਰ ਦੇਵੇਂਗਾ ਇਸ ਕਰਕੇ ਤੈਨੂੰ ਅੰਦਰ ਜਾਣ ਦੀ ਇਜਾਜਤ ਨਹੀਂ ਹੈ। ਤਦ ਉਹ ਕਾਰੀਗਰ ਕਹਿਣ ਲੱਗਾ ਕਿ

*ਤਰਾਸ਼ਾ ਥਾ ਇਨ ਹਾਥੋਂ ਸੇ ਜਿਨ ਪਥਰੋਂ ਕੋ,*

*ਆਜ ਵੋਹ ਮੰਦਿਰ ਮੇਂ ਭਗਵਾਨ ਬਨੇ ਬੈਠੇ ਹੈਂ।*

ਜਿਸ ਮੂਰਤੀ ਨੂੰ ਮੈਂ ਇਹਨਾਂ ਹੱਥਾਂ ਨਾਲ ਬਣਾਇਆ ਸੀ ਉਹ ਉੱਚੇ ਸੁੱਚੇ ਭਗਵਾਨ ਬਣ ਗਈ ਅਤੇ ਮੈਨੂੰ ਬਣਾਉਣ ਵਾਲੇ ਨੂੰ ਕੋਈ ਅੰਦਰ ਵੀ ਨਹੀਂ ਵੜਨ ਦਿੰਦਾ। ਉਸ ਨੇ ਕਿਹਾ ਕਿ ਮੈਂ ਹੀ ਮੂਰਤੀ ਬਣਾਈ ਸੀ ਇਸ ਕਰਕੇ ਮੈਨੂੰ ਇੱਕ ਵਾਰ ਦਰਸ਼ਨ ਤਾਂ ਕਰ ਲੈਣ ਦਿਓ। ਪਰ ਉਹਨਾਂ ਨੇ ਨਾਂਹ ਕਰ ਦਿੱਤੀ। ਫੇਰ ਉਸ ਨੇ ਪੁੱਛਿਆ ਕਿ ਜਿਸ ਮੂਰਤੀ ਨੂੰ ਮੈਂ ਬਣਾਇਆ ਅੱਜ ਮੈਨੂੰ ਉਸ ਦੇ ਦਰਸ਼ਨ ਕਰਨ ਨਹੀਂ ਜਾਣ ਦਿੱਤਾ ਉਸ ਮੂਰਤੀ ਵਿੱਚ ਕੀ ਖੂਬੀ ਆ ਗਈ ਹੈ? ਉਹਨਾਂ ਨੇ ਦੱਸਿਆ ਕਿ ਮੂਰਤੀ ਦੇ ਕੰਨਾਂ ਵਿੱਚ ਪ੍ਰਾਣਾਯਾਮ ਦਾ ਪਾਠ ਕਰਵਾਇਆ ਜਾਂਦਾ ਹੈ ਫੇਰ ਉਸ ਵਿੱਚ ਸ਼ਕਤੀ ਆ ਜਾਂਦੀ ਹੈ।

*ਊਚ ਅਪਾਰ ਬੇਅੰਤ ਸੁਆਮੀ*
*ਕਉਣੁ ਜਾਣੈ ਗੁਣ ਤੇਰੇ॥*
*ਗਾਵਤੇ ਉਧਰਹਿ ਸੁਣਤੇ ਉਧਰਹਿ*
*ਬਿਨਸਹਿ ਪਾਪ ਘਨੇਰੇ॥*
*ਪਸੂ ਪਰੇਤ ਮੁਗਧ ਕਉ ਤਾਰੇ*
*ਪਾਹਨ ਪਾਰਿ ਉਤਾਰੈ॥*
*ਨਾਨਕ ਦਾਸ ਤੇਰੀ ਸਰਣਾਈ*
*ਸਦਾ ਸਦਾ ਬਲਿਹਾਰੈ॥ ੪॥ (ਅੰਗ 802)*

ਪਾਹਨ ਪੱਥਰ ਨੂੰ ਕਿਹਾ ਜਾਂਦਾ ਹੈ। ਜਦੋਂ ਪੱਥਰ ਵਿੱਚ ਵੀ ਮਾਲਿਕ ਦੀ ਅਵਾਜ ਜਾਂਦੀ ਹੈ ਤਾਂ ਉਹ ਭਗਵਾਨ ਬਣ ਜਾਂਦਾ ਹੈ ਅਤੇ ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ। ਫੇਰ ਸਾਡੇ ਵਿੱਚ ਕੀ ਕਮੀ ਹੈ ਕਿ ਅਸੀਂ ਐਨੇ ਸਤਿਸੰਗ ਸੁਣਦੇ ਹਾਂ, ਗੁਰਬਾਣੀ ਸੁਣਦੇ ਹਾਂ, ਸਾਡੇ ਕੰਨਾਂ ਵਿੱਚ ਅਵਾਜ ਵੀ ਪੈਂਦੀ ਹੈ ਪਰ ਅਸੀਂ ਪੱਥਰ ਤੋਂ ਵੀ ਬਦਤਰ ਹੋ ਜਾਂਦੇ ਹਾਂ। ਸੋਈ ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਉਹ ਤਾਕਤ ਚਾਹਵੇ ਤਾਂ ਪੱਥਰਾਂ ਵਿੱਚ ਵੀ ਜਾਨ ਪਾ ਸਕਦੀ ਹੈ। ਫੇਰ ਉਸ ਜੀਵ ਨੂੰ ਪਤਾ ਲੱਗਾ ਕਿ ਮੈਂ ਤਾਂ ਪੱਥਰ ਸਮਝ ਕੇ ਠੋਕਰਾਂ ਮਾਰਦਾ ਰਿਹਾ ਹਾਂ।

*ਜਿਨ ਕੀ ਭਾਵਨਾ ਦੇਖੀ ਜੈਸੀ॥*

*ਪ੍ਰਭ ਮੂਰਤ ਦੇਖੀ ਤਿਸ ਤੈਸੀ॥*

ਜਿਸ ਨੇ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਪੂਰਨ ਤਾਕਤ ਸਮਝਿਆ ਤਾਂ ਹਜ਼ੂਰ ਉਸ ਨੂੰ ਤਾਕਤ ਬਣ ਕੇ ਮਿਲੇ। ਜਿਸ ਕਿਸੇ ਨੇ ਭੂਤਨਾ ਅਤੇ ਬੇਤਾਲਾ ਕਿਹਾ ਉਹਨਾਂ ਦੀ ਉਸੇ ਤਰ੍ਹਾਂ ਦੀ ਭਾਵਨਾ ਆਈ। ਸਾਧੂ ਕਿਸੇ ਵੀ ਪਰਿਵਾਰ ਵਿੱਚ ਜਨਮ ਲੈਣ ਪਰਿਵਾਰ ਬਹੁਤਾ ਭਾਵ ਰੱਖ ਕੇ ਨਹੀਂ ਮਿਲਦਾ।

*ਸਹੁਰੇ ਪੇਕੇ ਨਾਨਕੇ ਔਰ ਲੰਗੋਟੀਏ ਯਾਰ।*

*ਇਹ ਚਾਰੇ ਭਾਵ ਨਹੀਂ ਰੱਖਦੇ*

*ਚਾਹੇ ਕਿੰਨਾ ਕਰ ਲਉ ਪਿਆਰ।*

ਇਹਨਾਂ ਰਿਸ਼ਤਿਆਂ ਨਾਲ ਜਿੰਨਾ ਮਰਜੀ ਪਿਆਰ ਕਰ ਲਵੋ ਇਹਨਾਂ ਨੂੰ ਭਾਵ ਬੜਾ ਹੀ ਮੁਸ਼ਕਿਲ ਨਾਲ ਆਉਂਦਾ ਹੈ। ਹਜ਼ੂਰ ਹੀ ਕਿਰਪਾ ਕਰਨ ਅਤੇ ਜੀਵ ਦੇ ਹਿਰਦੇ ਵਿੱਚ ਭਾਵ ਭਰੋਸਾ ਆਵੇ। ਕਿਉਂਕਿ

*ਅੱਕਾਂ ਦੀਆਂ ਕਕੜੀਆਂ 'ਚ ਅੰਮ੍ਰਿਤ ਗੁਰਾਂ ਪਾਇ ਦਿਤਾ।*

*ਤੋੜ ਤੋੜ ਤੋੜ ਮਰਦਾਨਾ ਪਿਆ ਖਾਂਵਦਾ।*

*ਤੂੰ ਵੀ ਤਰ ਜਾਵੇਂਗਾ ਸ਼ਰਨ ਕਿਉਂ ਨਹੀਂ ਆਂਵਦਾ?*

*ਗੀਠੇ ਵੱਲ ਦੇਖ ਗੀਠਾ ਮਿੱਠਾ ਹੋਇਆ ਜਾਵਦਾ।*

*ਤੂੰ ਵੀ ਤਰ ਜਾਵੇਂਗਾ ਸ਼ਰਨ ਕਿਉਂ ਨਹੀਂ ਆਂਵਦਾ?*

ਹਜ਼ੂਰ ਹੀ ਕਿਰਪਾ ਕਰਨ ਅਤੇ ਜੀਵ ਦੇ ਮਨ ਵਿੱਚ ਪਛਤਾਵਾ ਅਤੇ ਵੈਰਾਗ ਆਵੇ ਕਿ ਹਜ਼ੂਰ! ਮੇਰੇ ਉੱਪਰ ਵੀ ਕਿਰਪਾ ਕਰੋ। ਮੇਰੇ ਕੰਨਾਂ ਵਿੱਚ ਜੋ ਗੁਰਬਾਣੀ ਪੈਂਦੀ ਹੈ ਮੇਰੇ ਉੱਪਰ ਉਸ ਦਾ ਅਸਰ ਹੋਵੇ ਅਤੇ ਮੈਂ ਵੀ ਬਖਸ਼ਿਆ ਜਾਵਾਂ।

**ਗਿਆਨਿ ਰਤਨਿ ਸਾਚੈ ਸਹਜਿ ਸਮਾਏ॥ ੪॥**

ਹਜ਼ੂਰ ਫੁਰਮਾਉਂਦੇ ਹਨ ਕਿ ਜਦੋਂ ਇਸ ਤਰ੍ਹਾਂ ਅਸੀਂ ਤਰਲੇ ਪਾ ਕੇ ਸਹਿਜ ਅਵਸਥਾ ਵਿੱਚ ਆਵਾਂਗੇ ਫੇਰ ਸਾਡੇ ਅੰਦਰ ਨਾਮ ਸਮਾ ਜਾਵੇਗਾ ਅਤੇ ਸਾਡਾ ਬੇੜਾ ਪਾਰ ਹੋ ਜਾਵੇਗਾ।

**ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ॥**

ਹਜ਼ੂਰ ਤੀਸਰੇ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਨਾਮ ਤੋਂ ਉੱਚਾ ਸੁੱਚਾ ਅਤੇ ਵੱਡਾ ਧਨ ਹੋਰ ਕੋਈ ਨਹੀਂ ਹੈ।

**ਜਿਸ ਨੋ ਬਖਸੇ ਸਾਚਾ ਸੋਇ॥**

ਜਿਸ ਉੱਪਰ ਸੱਚੀ ਤਾਕਤ ਬਖਸ਼ਿਸ਼ ਕਰੇਗੀ ਉਸ ਨੂੰ ਇਸ ਧਨ ਦੀ ਪ੍ਰਾਪਤੀ ਹੋਵੇਗੀ ਅਤੇ ਉਹ ਵੀ ਸੱਚਾ ਬਣ ਜਾਵੇਗਾ।

**ਪੂਰੈ ਸਬਦਿ ਮੰਨਿ ਵਸਾਏ॥**

ਅਗਰ ਜੀਵ ਗੁਰਬਾਣੀ ਦੇ ਸ਼ਬਦਾਂ ਨੂੰ ਮਨ ਵਿੱਚ ਵਸਾ ਲੈਂਦਾ ਹੈ ਫੇਰ ਉਸ ਦਾ ਕੀ ਗਤੀ ਹੁੰਦੀ ਹੈ ਉਹ ਭੇਦ ਵੀ ਹਜ਼ੂਰ ਅਗੇ ਬਖਸ਼ਦੇ ਹਨ।

**ਨਾਨਕ ਨਾਮਿ ਰਤੇ ਸੁਖੁ ਪਾਏ॥ ੫॥੧੧॥ ੫੦॥**

ਫੇਰ ਉਹ ਜੀਵ ਨਾਮ ਵਿੱਚ ਰੰਗੇ ਜਾਂਦੇ ਹਨ ਅਤੇ ਉਹ ਸਦਾ ਹੀ ਸੁਖ ਪਾਉਂਦੇ ਹਨ।

# ਸਤਿਸੰਗ

**॥ ਸਲੋਕ ਮ: ੫॥ (ਅੰਗ 319)**

**ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਹਾਰ ਸਿੰਗਾਰ ਕਰਨ ਵਾਸਤੇ ਫੁੱਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜਕੱਲ ਇੱਕ ਦਰਖਤ ਹੈ ਜਿਸ ਦਾ ਨਾਮ ਹੀ ਹਾਰ-ਸ਼ਿੰਗਾਰ ਲਿਆ ਜਾਂਦਾ ਹੈ। ਉਸ ਨੂੰ ਚਿੱਟੇ ਰੰਗ ਦੇ ਛੋਟੇ-ਛੋਟੇ ਫੁੱਲ ਲੱਗਦੇ ਹਨ ਜਿਹਨਾਂ ਵਿਚੋਂ ਬਹੁਤ ਜਿਆਦਾ ਖ਼ੁਸ਼ਬੂ ਆਉਂਦੀ ਹੈ। ਉਹ ਗਹਿਣੇ ਜਿਹੜੇ ਕਿਸੇ ਦੇ ਕੰਠ ਨਾਲ ਲੱਗਦੇ ਹਨ ਜਾਂ ਉਹ ਫੁੱਲ ਜਿਹੜੇ ਕਿਸੇ ਦੇ ਸ਼ਿੰਗਾਰ ਵਾਸਤੇ ਵਰਤੇ ਜਾਂਦੇ ਹਨ। ਬੰਗਾਲ ਵੱਲ ਚਾਹੇ ਕੋਈ ਇਸਤ੍ਰੀ ਕਿੰਨੀ ਵੀ ਅਮੀਰ ਹੋਵੇ ਉਹ ਹੀਰੇ, ਜੁਆਹਰਾਤ ਜਾਂ ਸੋਨੇ ਦੇ ਗਹਿਣਿਆਂ ਦੀ ਬਜਾਏ ਫੁੱਲਾਂ ਦੇ ਗਹਿਣੇ ਪਾਉਂਦੀ ਹੈ। ਅਮੀਰ ਘਰਾਂ ਦੀਆਂ ਔਰਤਾਂ ਹਰ ਰੋਜ ਆਪਣੇ ਵਾਲਾਂ (ਜੂੜੇ) ਵਿੱਚ ਤਾਜੇ ਅਤੇ ਵਧੀਆ ਤੋਂ ਵਧੀਆ ਫੁੱਲਾ ਦੇ ਗਜਰੇ ਲਾਉਂਦੀਆਂ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹੜੇ ਫੁੱਲ ਕਿਸੇ ਦੇ ਸ਼ਿੰਗਾਰ

ਵਾਸਤੇ ਵਰਤੇ ਜਾਂਦੇ ਹਨ ਉਹ ਭਾਗਾਂ ਵਾਲੇ ਹੁੰਦੇ ਹਨ। ਉਹੋ ਜੇਵਰ ਅੱਛਾ ਹੈ ਜਿਹੜਾ ਕਿਸੇ ਦੇ ਗਲੇ ਦਾ ਹਾਰ ਬਣਦਾ ਹੈ। ਜਦੋਂ ਕੀਰਤਨ ਕਰਨ ਵਾਲੇ ਜਾਂ ਦੂਸਰੇ ਜੀਵ ਸ਼ਬਦ ਪੜ੍ਹਦੇ ਸਮੇਂ ਗੁਰਬਾਣੀ ਵਿੱਚ ਲੀਨ ਹੋ ਜਾਂਦੇ ਹਨ ਅਤੇ ਸਰਸਵਤੀ ਉਹਨਾਂ ਦੇ ਗਲੇ ਵਿੱਚ ਵਾਸਾ ਕਰਦੀ ਹੈ ਉਸ ਸਮੇਂ ਉਹ ਰਾਗ, ਕੀਰਤਨ ਆਦਿ ਅੱਛਾ ਅਤੇ ਸੁਹਾਵਾ ਹੋ ਜਾਂਦਾ ਹੈ। ਉਹ ਪ੍ਰਾਣੀ ਵੱਡੇ ਭਾਗਾਂ ਵਾਲੇ ਬਣ ਜਾਂਦੇ ਹਨ ਜੋ ਰਾਗ ਗਾਉਂਦੇ ਅਤੇ ਕੀਰਤਨ ਕਰਦੇ ਹਨ।

**ਬਿਰਹ ਵਿਛੋੜਾ ਧਣੀ ਸਿਉ**

**ਨਾਨਕ ਸਹਸੈ ਗੰਠਿ ॥ ੧ ॥**

ਹਜ਼ੂਰ ਫੁਰਮਾਉਂਦੇ ਹਨ ਕਿ ਲੜਕੀ ਆਪਣੇ ਪਤੀ ਤੋਂ ਵਿਛੜਦੀ ਹੈ ਜਾਂ ਗੁਰਸਿੱਖ ਗੁਰੂ ਤੋਂ ਵਿਛੜਦਾ ਹੈ ਤਾਂ ਉਸ ਵਕਤ ਬਾਰੇ ਮੁਸਲਮਾਨ ਮੱਤ ਵਾਲਿਆਂ ਨੇ ਉਰਦੂ ਫਾਰਸੀ ਅਤੇ ਅਰਬੀ ਦਾ ਇਸਤੇਮਾਲ ਕਰਕੇ ਲਿਖਿਆ ਹੈ ਕਿ

*ਜਾਤੇ ਹੂਏ ਕਹਿ ਰਹੇ ਹੋ ਕਿ*
*ਮਿਲੇਂਗੇ ਕਿਆਮਤ ਕੇ ਰੋਜ਼*
*ਅਬ ਇਸ ਸੇ ਬੜਕਰ ਭੀ ਕਿਆਮਤ ਆਏਗੀ*
*ਕਿ ਆਪ ਵਿਛੜ ਕਰ ਜਾ ਰਹੇ ਹੋ।*

ਉਹ ਕਹਿੰਦੇ ਹਨ ਕਿ ਮੇਰੇ ਵਾਸਤੇ ਸਭ ਤੋਂ ਵੱਡੀ ਕਿਆਮਤ ਅੱਜ ਹੈ ਕਿਉਂਕਿ ਤੁਸੀਂ ਮੈਨੂੰ ਛੱਡ ਕੇ ਜਾ ਰਹੇ ਹੋ। ਸੋਈ ਗੁਰਸਿੱਖ ਨੂੰ ਜਦੋਂ ਆਪਣੇ ਸਤਿਗੁਰ ਤੋਂ ਵਿਛੋੜਾ ਹੁੰਦਾ ਹੈ ਉਹ ਉਸ ਵਕਤ ਇਸ ਤਰ੍ਹਾਂ ਤਰਲੇ ਪਾਉਂਦਾ ਹੈ। ਜਿਸ ਤਰ੍ਹਾਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਆਪਣੇ ਸਤਿਗੁਰ ਹਜ਼ੂਰ ਚੌਥੇ ਪਾਤਿਸ਼ਾਹ ਜੀ ਤੋਂ ਦੂਰ ਰਹਿੰਦਿਆਂ ਪਾਏ ਸਨ ਕਿ

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ ॥ ੩ ॥.........*
*ਹਉ ਘੋਲੀ ਜੀਉ ਘੋਲਿ ਘੁਮਾਈ*
*ਜਨ ਨਾਨਕ ਦਾਸ ਤੁਮਾਰੇ ਜੀਉ ॥ (ਅੰਗ 96- 97)*

ਹਜ਼ੂਰ ਫੁਰਮਾਉਂਦੇ ਹਨ ਕਿ ਇੱਕ ਵਿਛੋੜੇ ਦਾ ਵੈਰਾਗ ਹੁੰਦਾ ਹੈ ਇੱਕ ਦੁੱਖ ਦਾ ਵੈਰਾਗ ਹੁੰਦਾ ਹੈ। ਦੁੱਖ ਆਉਂਦਾ ਹੈ ਤਾਂ ਉਹ ਮਿਟ ਜਾਂਦਾ ਹੈ ਪਰ ਵਿਛੋੜਾ ਨਹੀਂ ਮਿਟਦਾ।

**॥ ਮ: ੫ ॥**

**ਵਿਸਾਰੇਦੇ ਮਰਿ ਗਏ ਮਰਿ ਭੀ ਨ ਸਕਹਿ ਮੂਲਿ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹੜੇ ਪ੍ਰਾਣੀ ਮਾਲਿਕ ਨੂੰ ਵਿਸਾਰਦੇ ਹਨ ਉਹ ਮਰ ਚੁੱਕੇ ਹਨ ਉਹ ਜਿਉਂਦੇ ਨਹੀਂ ਹਨ। ਇਸ ਕਰਕੇ ਉਸ ਮਾਲਿਕ ਨੂੰ ਕਦੇ ਵੀ ਵਿਸਾਰਨਾ ਨਹੀਂ ਚਾਹੀਦਾ। ਤਦੇ ਹੀ ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਤੂੰ ਨਾ ਵਿਸਾਰੀ ਮੈਨੂੰ ਸਾਹਿਬਾ*
*ਜੇ ਮੈਂ ਭੁਲ ਕੇ ਵੀ ਤੈਨੂੰ ਵਿਸਾਰ ਦਿਆਂ।*

ਇਸ ਕਰਕੇ ਜੀਵ ਨੂੰ ਹਮੇਸ਼ਾਂ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ ! ਮੈਨੂੰ ਆਪਣੇ ਤੋਂ ਕਦੇ ਨਾ ਵਿਛੋੜਿਓ। ਅਸੀਂ ਵੀ ਹਮੇਸ਼ਾਂ ਬੇਨਤੀ ਕਰਦੇ ਹਾਂ ਕਿ

*ਜੇ ਤੂ ਤੁਠਾ ਕ੍ਰਿਪਾ ਨਿਧਾਨ*
*ਨਾ ਦੂਜਾ ਵੇਖਾਲਿ ॥*
*ਏਹਾ ਪਾਈ ਮੂ ਦਾਤੜੀ*
*ਨਿਤ ਹਿਰਦੈ ਰਖਾ ਸਮਾਲਿ ॥ ੩ ॥ (ਅੰਗ 761)*

ਹਜ਼ੂਰ ! ਅਗਰ ਤੁਸੀਂ ਮੈਨੂੰ ਆਪਣੇ ਚਰਨਾਂ ਦਾ ਆਸਰਾ ਬਖਸ਼ਿਆ ਹੈ ਹੁਣ ਮੈਨੂੰ ਪਿੱਛੇ ਨਾ ਕਰਿਓ।

**ਵੇਮੁਖ ਹੋਏ ਰਾਮ ਤੇ**

**ਜਿਉ ਤਸਕਰ ਉਪਰਿ ਸੂਲਿ ॥ ੨ ॥**

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥...........*
*ਸੂਲ ਸੁਰਾਹੀ ਖੰਜਰ ਪਿਆਲਾ,*
*ਬਿੰਗ ਕਸਾਈਆਂ ਦਾ ਸਹਣਾ ॥*

ਜਿਸ ਤਰ੍ਹਾਂ ਭੀਸ਼ਮ ਪਿਤਾਮਾ ਨੇ ਕਿਹਾ ਸੀ ਕਿ ਅਰਜਨ ਮੈਨੂੰ ਤੀਰ ਮਾਰ ਤਾਂਕਿ ਉਹਨਾਂ ਤੀਰਾਂ ਉੱਪਰ ਲੰਮਾ ਪੈ ਕੇ ਮੈਂ ਯੁੱਧ ਦੇਖ ਸਕਾਂ। ਹਜ਼ੂਰ ਫੁਰਮਾਉਂਦੇ ਹਨ ਕਿ ਜਦੋਂ ਆਤਮਾ ਗੁਰਬਾਣੀ ਤੋਂ ਪਿੱਛੇ ਹਟਦੀ ਹੈ ਉਸ ਦਾ ਸੌਣਾ ਜਾਂ ਬੈਠਣਾ ਜਾਂ ਜਿਉਣਾ ਵੀ ਤੀਰਾਂ ਅਤੇ ਬਰਛੀਆਂ ਤੇ ਸੌਣ ਦੇ ਸਮਾਨ ਹੁੰਦਾ ਹੈ। ਜੀਵ ਕਈ ਦਫ਼ਾ ਬਹੁਤੀ ਖੁਸ਼ੀ ਵਿੱਚ ਅਤੇ ਕਈ ਦਫ਼ਾ ਬਹੁਤੇ ਦੁੱਖ ਵਿੱਚ ਮਾਲਿਕ ਨੂੰ ਭੁੱਲ ਜਾਂਦਾ ਹੈ ਕਿ ਮੈਨੂੰ ਕੀ ਮਿਲਿਆ ਹੈ। ਪਰ ਐਸਾ ਨਹੀਂ ਸੋਚਣਾ ਚਾਹੀਦਾ ਕਿਉਂਕਿ ਗੁਰਬਾਣੀ ਸਾਨੂੰ ਸੋਝੀ ਬਖਸ਼ਦੀ ਹੈ ਕਿ

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥*
*ਤਉ ਮੂੜਾ ਕਹੁ ਕਹਾ ਕਰੇਇ ॥ (ਅੰਗ 268)*

ਫੇਰ

*ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥*

*ਪ੍ਰਭ ਕੀ ਆਗਿਆ ਮਾਨੈ ਮਾਥੈ॥*

*ਉਸ ਤੇ ਚਉਗੁਨ ਕਰੈ ਨਿਹਾਲੁ॥*

*ਨਾਨਕ ਸਾਹਿਬੁ ਸਦਾ ਦਇਆਲੁ॥ ੨॥ (ਅੰਗ 268)*

ਇਸ ਕਰਕੇ ਜੀਵ ਦੀ ਐਸੀ ਰਹਿਣੀ ਹੋਣੀ ਚਾਹੀਦੀ ਹੈ ਕਿ ਉਹ ਸੁਖ ਵਿੱਚ ਮਾਲਿਕ ਦਾ ਧੰਨਵਾਦ ਕਰੇ ਅਤੇ ਦੁੱਖ ਵਿੱਚ ਫਰਿਆਦਾਂ, ਬੇਨਤੀਆਂ, ਅਰਦਾਸਾਂ ਕਰੇ।

**॥ ਪਉੜੀ॥**

**ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ॥**

ਸੁੱਖਾਂ ਦਾ ਦਾਤਾ ਅਤੇ ਭੰਡਾਰ ਇੱਕੋ ਹੀ ਤਾਕਤ ਹੈ। ਉਹ ਹੈ

*ਆਦਿ ਸਚੁ ਜੁਗਾਦਿ ਸਚੁ॥*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥ (ਅੰਗ 1)*

ਜਿਹੜੀ ਸਾਰੇ ਜੁਗਾਂ ਵਿੱਚ ਇੱਕੋ ਹੀ ਰਹਿੰਦੀ ਹੈ।

**ਜਲਿ ਥਲਿ ਮਹੀਅਲਿ ਪੂਰਿਆ**

**ਘਟਿ ਘਟਿ ਹਰਿ ਭਣਿਆ॥**

ਅਕਾਸ਼ ਅਤੇ ਪਤਾਲ ਅਰਥਾਤ ਹਰ ਜਗ੍ਹਾ ਉਹ ਇਕੋ ਹੀ ਤਾਕਤ ਵਿਆਪਕ ਹੈ।

*ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥*

*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥੧॥*

*(ਅੰਗ 296)*

ਤਥਾ

Omni Present, Omni Potent, Omni Cient. ਅਰਥਾਤ

*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*

*(ਅੰਗ 684)*

ਹੈ। ਉਹ ਤਾਕਤ ਹਰ ਜਗ੍ਹਾ ਨਿਵਾਸ ਕਰਦੀ ਹੈ।

**ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ॥**

ਹਜ਼ੂਰ ਫੁਰਮਾਉਂਦੇ ਹਨ ਕਿ ਉਸ ਮਾਲਿਕ ਦੇ ਦਰਬਾਰ ਵਿੱਚ ਕੋਈ ਉੱਚਾ ਜਾਂ ਨੀਵਾਂ ਨਹੀਂ ਹੈ। ਕੀੜੀ ਅਤੇ ਹਾਥੀ ਵਿੱਚ ਕੋਈ ਫਰਕ ਨਹੀਂ ਹੈ ਕਿਉਂਕਿ ਕੀੜੀ ਵਿੱਚ ਵੀ, ਹਾਥੀ ਵਿੱਚ ਵੀ, ਗਰੀਬ ਵਿੱਚ ਵੀ ਅਤੇ ਅਮੀਰ ਵਿੱਚ ਵੀ ਸਤਿਗੁਰ ਵੱਸਦੇ ਹਨ। ਗੁਰਬਾਣੀ ਵਿੱਚ ਦਰਜ ਹੈ ਕਿ

*ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥*

*ਨਾਨਕ ਉਤਮੁ ਨੀਚੁ ਨ ਕੋਇ॥ ੩੩॥ (ਅੰਗ 7)*

ਜਿਸ ਜੀਵ ਦੇ ਹੱਥ ਵਿੱਚ ਤਾਕਤ ਹੁੰਦੀ ਹੈ ਉਹ ਉਸ ਦੀ ਦੁਰਵਰਤੋਂ ਜ਼ਰੂਰ ਕਰਦਾ ਹੈ। ਪਰ ਉਹ ਮਾਲਿਕ ਹਕੂਮਤ ਵਾਲਿਆਂ ਨੂੰ ਵੀ ਅਤੇ ਦੂਸਰਿਆਂ ਨੂੰ ਵੀ ਦੇਖ ਰਹੇ ਹੁੰਦੇ ਹਨ। ਕਈ ਵਾਰ ਜੀਵ ਸੋਚਦਾ ਹੈ ਕਿ ਇਹ ਤਾਂ ਕੀੜੀ ਹੈ ਮੈਂ ਇਸ ਨੂੰ ਮਸਲ ਦੇਵਾਂਗਾ ਪਰ ਇੱਕ ਭੂਰੇ ਰੰਗ ਕੀ ਐਸੀ ਕੀੜੀ ਹੁੰਦੀ ਹੈ। ਅਗਰ ਉਹ ਹਾਥੀ ਦੀ ਸੁੰਡ ਉੱਪਰ ਲੜਦੀ ਹੈ ਤਦ ਹਾਥੀ ਦੀ ਮੌਤ ਹੋ ਜਾਂਦੀ ਹੈ। ਸੋਈ ਹਜ਼ੂਰ ਵੱਡਿਆਂ ਅਤੇ ਛੋਟਿਆਂ ਵਿੱਚ ਬਰਾਬਰ ਵਾਸਾ ਕਰਦੇ ਹਨ।

**ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ॥**

ਮਿੱਤਰ, ਸਖਾ, ਪੁੱਤਰ, ਪੋਤਰੇ, ਧੀਆਂ, ਜਵਾਈ, ਦੋਹਤਰੇ ਆਦਿ ਸਭ ਨੂੰ ਇੱਕੋ ਹੀ ਤਾਕਤ ਨੇ ਪੈਦਾ ਕੀਤਾ ਹੈ। ਕਿਉਂਕਿ ਇੱਕ ਗੋਬਿੰਦ ਤਾਕਤ ਹੈ ਜੋ ਦੁਨੀਆਂ ਦੀ ਰਚਨਾ ਕਰਦੀ ਹੈ ਅਤੇ ਇੱਕ ਗੋਪਾਲ ਤਾਕਤ ਹੈ ਜੋ ਦੁਨੀਆਂ ਦੀ ਪ੍ਰਤਿਪਾਲਣਾ ਕਰਦੀ ਹੈ।

**ਤੁਸਿ ਨਾਨਕੁ ਦੇਵੈ ਜਿਸੁ ਨਾਮੁ**

**ਤਿਨਿ ਹਰਿ ਰੰਗੁ ਮਣਿਆ॥ ੧॥**

ਹਜ਼ੂਰ ਫੁਰਮਾਉਂਦੇ ਹਨ ਕਿ ਮਾਲਿਕ ਖੁਸ਼ ਹੋ ਕੇ ਜਿਸ ਜੀਵ ਉੱਪਰ ਗੁਰਬਾਣੀ ਦੀ ਬਖਸ਼ਿਸ਼ ਕਰ ਦੇਣ ਉਹੋ ਹੀ ਇਹ ਰੰਗ ਮਾਣ ਸਕਦਾ ਹੈ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥

ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥

ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥

ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਅੰਗ 510)*

# ਸਤਿਸੰਗ

**ਸੋਰਠਿ ਮਹਲਾ ੩ ਘਰੁ ੧ ਤਿਤੁਕੀ** (ਅੰਗ 637)

**ੴ ਸਤਿਗੁਰ ਪ੍ਰਸਾਦਿ॥**

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ**

**ਧੁਰਿ ਤੂ ਰਖਦਾ ਆਇਆ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੌਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਇਸ ਹੁਕਮਨਾਮੇ ਵਿੱਚ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ। ਕਿਉਂਕਿ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਭਗਤ ਬਣ ਕੇ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਦੀ ਸੰਗਤ ਵਿੱਚ ਗਏ ਸਨ। ਹਜ਼ੂਰ ਦੂਸਰੇ ਪਾਤਿਸ਼ਾਹ ਜੀ ਨੇ ਆਪਣੇ ਬਿਰਦ ਦੀ ਲਾਜ ਰੱਖਦੇ ਹੋਏ ਆਪ ਨੂੰ ਨਿਥਾਂਵੇ ਨੂੰ ਥਾਂ ਬਖਸ਼ ਦਿੱਤੀ। ਹਜ਼ੂਰ ਫੁਰਮਾਉਂਦੇ ਹਨ ਕਿ ਜਿਸ ਜੀਵ ਦਾ ਕੋਈ ਥਾਂ, ਆਸਰਾ ਜਾਂ ਧਿਰ ਨਾ ਹੋਵੇ ਮਾਲਿਕ ਉਸ ਨੂੰ ਸਾਰੀਆਂ ਦਾਤਾਂ ਬਖਸ਼ ਦਿੰਦੇ ਹਨ।

**ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ**

**ਹਰਣਾਖਸੁ ਮਾਰਿ ਪਚਾਇਆ॥**

ਪ੍ਰਹਿਲਾਦ ਛੋਟਾ ਬੱਚਾ ਸੀ। ਜਦੋਂ ਉਸ ਨੂੰ ਸਕੂਲ ਭੇਜਿਆ ਗਿਆ ਤਾਂ ਉਹ ਪਾਂਧੇ ਨੂੰ ਕਹਿਣ ਲੱਗੇ ਕਿ

*ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ॥*

*(ਅੰਗ 1133)*

ਕਿ ਮੇਰੀ ਫੱਟੀ ਉੱਪਰ ਗੋਪਾਲ ਤਾਕਤ ਦਾ ਨਾਮ ਲਿਖ ਕਿਉਂਕਿ ਉਹੋ ਹੀ ਤਾਕਤ ਦੁਨੀਆਂ ਦੀ ਪਰਵਰਿਸ਼ ਕਰ ਰਹੀ ਹੈ। ਹਰਣਾਖਸ਼ ਜੋ ਕਿ ਪ੍ਰਹਿਲਾਦ ਦਾ ਪਿਤਾ ਸੀ ਉਸ ਸਮੇ ਦਾ ਬਹੁਤ ਤਾਕਤਵਰ ਜ਼ਾਲਮ ਹੋਇਆ ਹੈ। ਉਹ ਕਹਿਣ ਲੱਗਾ ਕਿ ਪ੍ਰਹਿਲਾਦ ਮੇਰਾ ਨਾਮ ਨਹੀ ਜਪਦਾ ਇਸ ਲਈ ਮੈਂ ਇਸ ਨੂੰ ਕਤਲ ਕਰਵਾ ਦੇਵਾਂਗਾ। ਪਰ ਹਰਣਾਖਸ਼ ਦੀ ਪਤਨੀ ਕਹਿਣ ਲੱਗੀ ਕਿ ਦੁਨੀਆਂ ਵਿੱਚ ਤੁਹਾਡੀ ਬਦਨਾਮੀ ਹੋਵੇਗੀ ਤੁਸੀਂ ਇੰਝ ਕਰੋ ਕਿ ਲੋਹੇ ਦੇ ਥੰਮ ਤਪਾ ਕੇ ਇਸ ਨੂੰ ਕਹੋ ਕਿ ਉਸ ਨੂੰ ਜੱਫੀ ਪਾਵੇ। ਅਗਰ ਤੇਰਾ ਰਾਮ ਹੈ ਉਹ ਆਪੇ ਤੈਨੂੰ ਰੱਖ ਲਵੇਗਾ। ਪ੍ਰਹਿਲਾਦ ਬੱਚਾ ਸੀ ਉਹ ਡਰ ਗਿਆ ਤਾਂ ਭਗਵਾਨ ਕੀੜੀ ਬਣ ਕੇ ਆਏ ਅਤੇ ਗਰਮ ਥੰਮ੍ਹ ਉੱਪਰ ਤੁਰਨ ਲੱਗ ਪਏ। ਪ੍ਰਹਿਲਾਦ ਨੂੰ ਵੀ ਮਾਲਿਕ ਨੇ ਸੋਝੀ ਬਖਸ਼ੀ ਕਿ ਅਗਰ ਕੀੜੀ ਦੇ ਪੈਰ ਨਹੀਂ ਸੜ ਰਹੇ ਤਾਂ ਫੇਰ ਮੈਨੂੰ ਕੀ ਹੋ ਜਾਵੇਗਾ? ਉਸ ਨੇ ਤੱਤੇ ਥੰਮ ਨੂੰ ਜੱਫੀ ਪਾ ਲਈ। ਇਸੇ ਕਰਕੇ ਸ਼ਬਦ ਪੜ੍ਹਿਆ ਜਾਂਦਾ ਹੈ ਕਿ

*ਪਾ ਲੈ ਤੱਤਿਆਂ ਥੰਮਾਂ ਨੂੰ ਜੱਫੀਆਂ*

*ਆਪੇ ਤੈਨੂੰ ਰਾਮ ਰੱਖ ਲਊ।*

ਪ੍ਰਹਿਲਾਦ ਦੇ ਜੱਫੀ ਪਾਉਣ ਤੋਂ ਬਾਅਦ ਉਹ ਥੰਮ ਫਟਿਆ ਅਤੇ ਉਸ ਵਿਚੋਂ ਉਹ ਤਾਕਤ ਨਰਸਿੰਘ ਰੂਪ ਧਾਰ ਕੇ ਬਾਹਰ ਆਈ। ਹਰਨਾਖਸ਼ ਨੇ ਵਰ ਲਿਆ ਹੋਇਆ ਸੀ ਕਿ ਨਾ ਮੈਂ ਅੰਦਰ ਮਰਾਂ, ਨਾ ਬਾਹਰ ਮਰਾਂ। ਨਾਂ ਦਿਨ ਮਰਾਂ, ਨਾ ਰਾਤ ਮਰਾਂ। ਨਾ ਜਿੰਮੀ ਤੇ ਮਰਾਂ, ਨਾ ਅਸਮਾਨ 'ਚ ਮਰਾਂ। ਨਾ ਸ਼ਸ਼ਤਰ ਨਾਲ ਮਰਾਂ, ਨਾ ਪਾਣੀ ਵਿੱਚ ਡੁੱਬ ਕੇ ਜਾਂ ਅੱਗ ਨਾਲ ਸੜ ਕੇ ਨਾ ਮਰਾਂ, ਨਾਂ ਮੈਂ ਕਿਸੇ ਬੰਦੇ ਤੋਂ ਮਰਾਂ ਨਾ ਜਾਨਵਰ ਤੋਂ ਮਰਾਂ। ਉਸ ਵਕਤ ਹਰਨਾਖਸ਼ ਦਰਵਾਜੇ ਦੀ ਸਰਦਲ ਦੀ ਥੱਲੇ ਵਾਲੀ ਲੱਕੜ ਉੱਪਰ ਖਲੋ ਕੇ ਦੇਖ ਰਿਹਾ ਸੀ ਕਿ ਭਲਾ ਪ੍ਰਹਿਲਾਦ ਦਾ ਕੀ ਬਣਦਾ ਹੈ। ਤਦ ਨਰਸਿੰਘ ਅਵਤਾਰ ਨੇ ਉਸ ਨੂੰ ਫੜ ਕੇ ਆਪਣੇ ਗੋਡਿਆਂ ਉੱਪਰ ਰੱਖ ਲਿਆ ਅਤੇ ਪੁੱਛਿਆ ਕਿ ਦੱਸ, ਹੁਣ ਤੂੰ ਅੰਦਰ ਏਂ ਜਾਂ ਬਾਹਰ ਏਂ। ਇਸੇ ਕਰਕੇ ਸਾਡੇ ਪੁਰਾਣੇ ਬਜੁਰਗ ਕਹਿੰਦੇ ਹਨ ਕਿ ਸਰਦਲ ਵਿੱਚ ਖੜੇ ਨਹੀਂ ਹੋਣਾ ਚਾਹੀਦਾ। ਫੇਰ ਪੁੱਛਿਆ ਦਿਨ ਹੈ ਜਾਂ ਰਾਤ ਹੈ ਉਸ ਵਕਤ ਸੂਰਜ ਛਿਪ ਰਿਹਾ ਸੀ। ਜਮੀਨ ਹੈ ਜਾਂ ਅਸਮਾਨ ਹੈ। ਜਲ ਹੈ ਜਾਂ ਥਲ ਹੈ। ਆਦਿ ਸਾਰਾ ਕਹਿ ਕੇ ਉਹ ਤਾਕਤ ਕਹਿਣ ਲੱਗੀ ਕਿ ਮੇਰੇ ਕੋਲ ਕੋਈ ਸ਼ਸ਼ਤਰ ਵੀ ਨਹੀਂ ਹੈ। ਉਹ ਤਾਕਤ ਨਰਸਿੰਘ ਰੂਪ ਵਿੱਚ ਸੀ ਉਸ ਨੇ ਪੰਜਾ ਮਾਰ ਕੇ ਹਰਣਾਖਸ ਦਾ ਬਧ ਕਰ ਦਿੱਤਾ ਅਤੇ ਪ੍ਰਹਿਲਾਦ ਨੂੰ ਗੋਦ ਵਿੱਚ ਚੁੱਕ ਕੇ ਕਹਿਣ ਲੱਗੇ ਕਿ ਪੁੱਤਰ! ਮੈਨੂੰ ਮਾਫ਼ ਕਰ ਦੇ। ਮੈਨੂੰ ਪਹਿਲਾਂ ਆ ਜਾਣਾ ਚਾਹੀਦਾ ਸੀ, ਮੈਨੂੰ ਐਨੀ ਦੇਰੀ ਨਹੀਂ ਲਾਉਣੀ ਚਾਹੀਦੀ ਸੀ।

ਹਜ਼ੂਰ ਤੀਸਰੇ ਪਾਤਿਸ਼ਾਹ ਜੀ ਪਰਮਾਣ ਦੇ ਰਹੇ ਹਨ ਕਿ ਪ੍ਰਹਿਲਾਦ ਇੱਕ ਛੋਟਾ ਜਿਹਾ ਬੱਚਾ ਸੀ ਜਿਸ ਦੀ ਰਾਖੀ ਕਰਨ ਵਾਸਤੇ ਵੀ ਮਾਲਿਕ ਆਏ ਸਨ ਅਤੇ ਨਰਸਿੰਘ ਰੂਪ ਧਾਰ ਕੇ ਹਰਨਾਖਸ਼ ਦਾ ਸਰਵਨਾਸ਼ ਕੀਤਾ ਸੀ।

**ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ**

**ਮਨਮੁਖ ਭਰਮਿ ਭੁਲਾਇਆ॥ ੧॥**

ਜਿਹੜੇ ਜੀਵ ਗੁਰਬਾਣੀ ਨੂੰ ਮੰਨਦੇ ਹਨ ਉਹਨਾਂ ਨੂੰ ਪਰਤੀਤ ਹੁੰਦੀ ਹੈ ਕਿ ਮਾਲਿਕ ਸਾਡੀ ਰਾਖੀ ਕਰਨਗੇ। ਪਰ ਜਿਹੜੇ ਮਨਮੁਖ ਹੁੰਦੇ ਹਨ ਉਹ ਸੋਚਦੇ ਕਹਿੰਦੇ ਹਨ ਕਿ ਅਸੀਂ ਉੱਥੇ ਜਾਈਏ ਜਾਂ

ਨਾ ਜਾਈਏ। ਪਤਾ ਨਹੀਂ ਸਾਡਾ ਕੰਮ ਹੋਣਾ ਹੈ ਜਾਂ ਨਹੀਂ ਹੋਣਾ। ਪਰ

*ਜਿਹਨਾਂ ਸਿਦਕ ਗੁਰੂ ਤੇ ਰੱਖਿਆ*
*ਉਹਨਾਂ ਸਭ ਕੁਝ ਪਾਇਆ ਏ।*
*ਉਹ ਤਾਂ ਮਲਦੇ ਰਹਿ ਗਏ ਤਲੀਆਂ*
*ਜਿਹਨਾਂ ਨੂੰ ਸਿਦਕ ਨਹੀਂ ਆਇਆ ਏ।*

ਹਮੇਸ਼ਾਂ ਸਿਦਕਾਂ ਦੇ ਬੇੜੇ ਪਾਰ ਹੁੰਦੇ ਹਨ। ਭਉ ਅਤੇ ਭਾਵ ਦੋਵੇਂ ਬਹੁਤ ਜਰੂਰੀ ਹਨ ਕਿਉਂਕਿ

*ਸਾਧੂ ਸ਼ੀਂਹ ਕਾ ਏਕ ਮਤ*
*ਜੀਤੇ ਹੀ ਕਉ ਖਾਏਂ।*
*ਉਹ ਭਾਵਹੀਨ ਉਹ ਮ੍ਰਿਤਕ ਦਸ਼ਾ*
*ਤਾ ਕੇ ਨਿਕਟ ਨ ਜਾਏਂ।*

ਸ਼ੇਰ ਕਦੇ ਵੀ ਮੁਰਦੇ ਨੂੰ ਨਹੀਂ ਖਾਂਦਾ ਉਹ ਖੁਦ ਜਾਨਵਰ ਮਾਰ ਕੇ ਖਾਂਦਾ ਹੈ। ਇਸੇ ਤਰ੍ਹਾਂ ਸਾਧੂ ਵੀ ਬੇਭਾਵ ਉੱਪਰ ਬਖਸਿਸ਼ ਨਹੀਂ ਕਰਦੇ।

**ਹਰਿ ਜੀ ਏਹ ਤੇਰੀ ਵਡਿਆਈ॥**

ਹਜ਼ੂਰ ਫੁਰਮਾਉਂਦੇ ਹਨ ਕਿ ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਸਾਨੂੰ ਭਾਵ ਅਤੇ ਵਿਸ਼ਵਾਸ਼ ਬਖਸ਼ਣਾ ਤੁਹਾਡੀ ਹੀ ਵਡਿਆਈ ਹੈ।

*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ੧॥*

*(ਅੰਗ 256)*

ਹਜ਼ੂਰ! ਤੁਸੀਂ ਹੀ ਜੀਵ ਨੂੰ ਡੋਲਨ ਤੋਂ ਬਚਾ ਸਕਦੇ ਹੋ।

**ਭਗਤਾ ਕੀ ਪੈਜ ਰਖੁ ਤੂ ਸੁਆਮੀ**
**ਭਗਤ ਤੇਰੀ ਸਰਣਾਈ॥ ਰਹਾਉ॥**

ਸੱਚੇ ਪਾਤਿਸ਼ਾਹੋ! ਭਗਤ ਤੁਹਾਡੀ ਸ਼ਰਨ ਵਿੱਚ ਆਏ ਹਨ। ਆਪਣੀ ਪੈਜ ਰੱਖਦੇ ਹੋਏ ਭਗਤਾਂ ਦੀ ਰੱਖਿਆ ਕਰੋ।

**ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ॥**

ਗੁਰਬਾਣੀ ਵਿੱਚ ਦਰਜ ਹੈ ਕਿ

*ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ*
*ਭਾਹਿ ਨ ਸਾਕੈ ਜਾਲੇ॥ ੧॥ (ਅੰਗ 679)*

ਹਜ਼ੂਰ ਫੁਰਮਾਉਂਦੇ ਹਨ ਕਿ ਮਾਲਿਕ ਭਗਤਾਂ ਦੀ ਹਮੇਸ਼ਾਂ ਰੱਖਿਆ ਕਰਦੇ ਹਨ ਅਤੇ ਜਮ ਨੂੰ ਆਪਣੇ ਭਗਤਾਂ ਦੇ ਨੇੜੇ ਵੀ ਨਹੀਂ ਆਉਣ ਦਿੰਦੇ।

**ਕੇਵਲ ਰਾਮ ਨਾਮੁ ਮਨਿ ਵਸਿਆ**
**ਨਾਮੇ ਹੀ ਮੁਕਤਿ ਪਾਈ॥**

ਜੀਵ ਹਮੇਸ਼ਾਂ ਉਸ ਦੇ ਨਾਮ ਦਾ ਜਾਪ ਕਰੇ। ਹੋਰ ਆਪਣੀ ਕੋਈ ਸੋਝੀ ਜਾਂ ਅਕਲ ਨਾ ਵਰਤੇ। ਕਿਉਂਕਿ

*ਅਕਲ ਫਿਕਰ ਦਾ ਬੇੜਾ*
*ਇਥੇ ਪਹਿਲੇ ਪੂਰ ਡੁਬੇਂਦਾ ਹੂ।*

ਬਾਹੂ ਸਾਹਿਬ ਜੀ ਲਿਖਦੇ ਹਨ ਕਿ ਤੁਸੀਂ ਮਾਲਿਕ ਦੇ ਸਮਰਪਿਤ ਹੋ ਜਾਵੋ ਫੇਰ ਜਿੱਦਾਂ ਵੀ ਮਾਲਿਕ ਕਰਨਗੇ, ਠੀਕ ਹੀ ਕਰਨਗੇ।

**ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ**
**ਗੁਰ ਕੈ ਸਹਜਿ ਸੁਭਾਈ॥ ੨॥**

ਜਿਸ ਤਰ੍ਹਾਂ ਸ਼ੇਖ ਫਰੀਦ ਸਾਹਿਬ ਜੀ ਨੇ ਰਿਧੀ ਸਿਧੀ ਪ੍ਰਾਪਤ ਕਰ ਲਈ ਸੀ ਕਿ ਚਿੜੀਓ ਜਿਉ ਪਵੋ, ਚਿੜੀਓ ਮਰ ਜਾਓ। ਇਹ ਤਾਂ ਭਗਤਾਂ ਦੇ ਪੈਰਾਂ ਵਿੱਚ ਫਿਰਦੀ ਹੈ ਕਿ ਮੈਨੂੰ ਹੁਕਮ ਲਾਵੋ ਮੈਂ ਕੀ ਕਰਾਂ। ਸੋਈ ਜਿਹੜੇ ਭਗਤ ਸਿਮਰਨ ਕਰਦੇ ਹਨ ਰਿਧੀ ਸਿਧੀ ਉਹਨਾਂ ਦੇ ਅੱਗੇ ਪਿੱਛੇ ਭੱਜੀ ਫਿਰਦੀ ਹੈ।

**ਮਨਮੁਖਾ ਨੋ ਪਰਤੀਤਿ ਨ ਆਵੀ**
**ਅੰਤਰਿ ਲੋਭ ਸੁਆਉ॥**

ਕਿਉਂਕਿ ਜੀਵ ਦੇ ਅੰਦਰ ਲੋਭ ਹੁੰਦਾ ਹੈ ਇਸ ਕਰਕੇ ਜੀਵ ਨੂੰ ਗੁਰਬਾਣੀ ਤੇ ਪਰਤੀਤ ਨਹੀਂ ਆਉਂਦੀ।

**ਗੁਰਮੁਖਿ ਹਿਰਦੈ ਸਬਦੁ ਨ ਭੇਦਿਓ**
**ਹਰਿ ਨਾਮਿ ਨ ਲਾਗਾ ਭਾਉ॥**

ਅਸੀਂ ਜੀਵ ਗੁਰਬਾਣੀ ਦਾ ਪਾਠ ਨਹੀਂ ਕਰਦੇ, ਸਿਮਰਨ ਨਹੀਂ ਕਰਦੇ, ਭੇਦ ਨਹੀਂ ਜਾਣਦੇ ਇਸ ਕਰਕੇ ਡਾਵਾਂਡੋਲ ਤੁਰੇ ਫਿਰਦੇ ਹਾਂ। ਇਸੇ ਕਰਕੇ ਸ਼ੇਖ ਫਰੀਦ ਸਾਹਿਬ ਜੀ ਨੂੰ ਉਸ ਬੀਬੀ ਨੇ ਕਿਹਾ ਸੀ ਕਿ ਬਾਬਾ! ਕਿਉਂ ਡਾਵਾਂਡੋਲ ਤੁਰਿਆ ਫਿਰਦਾ ਏਂ ਇੱਕ ਪਾਸੇ ਮਰ। ਜਾਂ ਇੱਧਰ ਮਰ ਜਾਂ ਓਧਰ ਮਰ। ਤਦ ਸ਼ੇਖ ਫਰੀਦ ਸਾਹਿਬ ਜੀ ਨੇ ਡਾਂਵਾਡੋਲੀ ਛੱਡ ਕੇ ਹਜਰਤ ਕੁਤੁਬ ਉਦ ਦੀਨ ਜੀ ਦੀ ਸੰਗਤ ਕੀਤੀ ਅਤੇ ਸਾਰੀਆਂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਸ਼ੇਖ ਫਰੀਦ ਸਾਹਿਬ ਜੀ ਦੇ ਸਲੋਕ ਦੀ ਪ੍ਰੋੜਤਾ ਕਰਦਿਆਂ ਹੋਇਆਂ ਫੁਰਮਾਨ ਕੀਤਾ ਹੈ ਕਿ

*ਫਰੀਦਾ ਭੂਮਿ ਰੰਗਾਵਲੀ*
*ਮੰਝਿ ਵਿਸੂਲਾ ਬਾਗੁ॥*
*ਜੋ ਨਰ ਪੀਰਿ ਨਿਵਾਜਿਆ*

*ਤਿੰਨ੍ਾ ਅੰਚ ਨ ਲਾਗ॥੧॥ (ਅੰਗ 966)*

ਸਾਧੂ ਦੀ ਰਸਨਾ ਤੋਂ ਨਿਕਲੇ ਹੋਏ ਸ਼ਬਦਾਂ ਦਾ ਜਾਪ ਕਰਨ ਨਾਲ ਬਖਸ਼ਿਸ਼ ਹੁੰਦੀ ਹੈ ਕਿਉਂਕਿ

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥*

*(ਅੰਗ 811)*

ਸਾਧੂ ਹਮੇਸ਼ਾਂ ਜਾਪ ਅਤੇ ਸਿਮਰਨ ਕਰਦੇ ਰਹਿੰਦੇ ਹਨ ਜਿਸ ਕਾਰਨ ਉਹਨਾਂ ਦੀ ਜ਼ੁਬਾਨ ਸੁੱਚੀ ਹੋ ਜਾਂਦੀ ਹੈ ਫੇਰ ਉਹ ਜੋ ਵੀ ਸ਼ਬਦ ਮੂੰਹੋਂ ਕੱਢਦੇ ਹਨ ਉਹ ਪੂਰੇ ਹੋ ਜਾਂਦੇ ਹਨ।

**ਕੂੜ ਕਪਟ ਪਾਜੁ ਲਹਿ ਜਾਸੀ**

**ਮਨਮੁਖ ਫੀਕਾ ਅਲਾਉ॥੩॥**

ਹਜ਼ੂਰ ਫੁਰਮਾਉਂਦੇ ਹਨ ਕਿ ਜਦੋਂ ਜੀਵ ਫਿੱਕਾ ਬੋਲਦਾ ਹੈ ਉਦੋਂ ਉਸ ਦਾ ਕੂੜ ਅਤੇ ਕਪਟ ਜਾਹਰ ਹੋ ਜਾਂਦਾ ਹੈ। ਫਿੱਕਾ ਬੋਲਣ ਦਾ ਕੋਈ ਲਾਭ ਨਹੀਂ ਹੈ ਲੇਕਿਨ ਕ੍ਰੋਧ ਉਸ ਕੋਲੋਂ ਫਿੱਕਾ ਬੁਲਵਾ ਦਿੰਦਾ ਹੈ।

**ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ**

**ਭਗਤੀ ਹੂ ਤੂ ਜਾਤਾ॥**

*ਸੋ ਹਰਿ ਜਨੁ ਨਾਮੁ ਧਿਆਇਦਾ*

*ਹਰਿ ਹਰਿ ਜਨੁ ਇਕ ਸਮਾਨਿ॥ (ਅੰਗ 652)*

ਭਗਤ ਅਤੇ ਭਗਵੰਤ ਵਿੱਚ ਕੋਈ ਫਰਕ ਨਹੀਂ ਹੈ। ਸ਼ੇਖ ਫਰੀਦ ਸਾਹਿਬ ਜੀ ਨੇ ਫੁਰਮਾਨ ਕੀਤਾ ਹੈ ਕਿ

*ਤੇਰੀ ਪਨਹ ਖੁਦਾਇ ਤੂ ਬਖਸੰਦਗੀ॥*

*ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥ (ਅੰਗ 488)*

ਭਗਤੀ ਅਤੇ ਬੰਦਗੀ ਵਿੱਚ ਵੀ ਕੋਈ ਫਰਕ ਨਹੀਂ ਹੈ। ਜੋ ਵੀ ਜੀਵ ਭਗਤੀ ਕਰਦੇ ਹਨ ਮਾਲਿਕ ਉਹਨਾਂ ਦੀ ਸਹਾਇਤਾ ਅਵੱਸ਼ ਕਰਦੇ ਹਨ।

**ਮਾਇਆ ਮੋਹ ਸਭ ਲੋਕ ਹੈ ਤੇਰੀ**

**ਤੂ ਏਕੋ ਪੁਰਖੁ ਬਿਧਾਤਾ॥**

ਸੱਚੇ ਪਾਤਿਸ਼ਾਹੋ! ਤੁਸੀਂ ਸੱਚੇ ਸੱਜਣ ਪੁਰਖ ਹੋ, ਬਿਧਾਤਾ ਵੀ ਹੋ। ਸਾਡੇ ਕਰਮ ਲਿਖਣ ਵਾਲੇ ਵੀ ਤੁਸੀਂ ਹੀ ਹੋ ਅਤੇ ਅਗਰ ਕਰਮ ਠੀਕ ਨਾ ਹੋਵੇ ਤਾਂ ਉਸ ਨੂੰ ਠੀਕ ਕਰਨ ਵਾਲੇ ਵੀ ਤੁਸੀਂ ਹੀ ਹੋ। ਬਾਕੀ ਸਾਰੀ ਦੁਨੀਆਂ ਮਾਇਆ ਦੇ ਮੋਹ ਵਿੱਚ ਫਸੀ ਪਈ ਹੈ।

**ਹਉਮੈ ਮਾਰਿ ਮਨਸਾ ਮਨਹਿ ਸਮਾਣੀ**

**ਗੁਰ ਕੈ ਸਬਦਿ ਪਛਾਤਾ॥੪॥**

ਹਜ਼ੂਰ ਫੁਰਮਾਉਂਦੇ ਹਨ ਕਿ ਆਪਾ ਮਾਰ ਕੇ ਸ਼ਬਦ ਦੀ ਪਛਾਣ ਕਰੋ ਫੇਰ ਤੁਹਾਨੂੰ ਸਾਰਾ ਭੇਦ ਪਤਾ ਚੱਲੇਗਾ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਸਾਨੂੰ ਸਿੱਖਿਆ ਬਖਸ਼ ਰਹੇ ਹਨ ਕਿ ਐ ਜੀਵ! ਅਗਰ ਤੂੰ ਚਾਹੁੰਦਾ ਏਂ ਕਿ ਮਾਲਿਕ ਤੇਰੇ ਉੱਪਰ ਕਿਰਪਾ ਅਤੇ ਬਖਸ਼ਿਸ਼ ਕਰਨ ਤਦ ਤੂੰ ਸ਼ਬਦ ਰੂਪੀ ਗੁਰਬਾਣੀ ਦਾ ਪਾਠ, ਜਾਪ, ਸਿਮਰਨ, ਅਰਾਧਨਾ ਕਰ ਫੇਰ ਤੇਰੇ ਸਾਰੇ ਕਾਰਜ ਆਪਣੇ ਆਪ ਠੀਕ ਹੋ ਜਾਣਗੇ।

# ਸਤਿਸੰਗ

**॥ਆਸਾ ਮ: ੫॥ (ਅੰਗ 432)**

**ਸਭ ਬਿਧਿ ਤੁਮ ਹੀ ਜਾਨਤੇ ਪਿਆਰੇ**

**ਕਿਸੁ ਪਹਿ ਕਹਉ ਸੁਨਾਇ॥੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਉਸ ਮਾਲਿਕ ਪਾਸ ਅਰਦਾਸ, ਬੇਨਤੀ, ਜੋਦੜੀ ਕਰੋ ਕਿ ਸੱਚੇ ਪਾਤਿਸ਼ਾਹੋ! ਕਿਸ ਤਰੀਕੇ ਨਾਲ ਮੇਰਾ ਭਲਾ ਹੋ ਸਕਦਾ ਹੈ, ਮੇਰੇ ਵਿਗੜੇ ਕਾਰਜ ਠੀਕ ਹੋ ਸਕਦੇ ਹਨ? ਕਿਸ ਤਰ੍ਹਾਂ ਪਰਿਵਾਰਿਕ ਤੌਰ 'ਤੇ ਅਤੇ ਸਮਾਜਿਕ ਤੌਰ 'ਤੇ ਮੈਨੂੰ ਜੋ ਥੁੜ ਹੈ ਉਹ ਪੂਰੀ ਹੋ ਸਕਦੀ ਹੈ? ਕਿਸੇ ਦੇ ਔਲਾਦ ਨਹੀਂ ਹੈ, ਅਗਰ ਕਿਸੇ ਦੀ ਹੈ ਤਾਂ ਉਹ ਨਸ਼ੇ ਕਰਦੀ ਹੈ ਜਾਂ ਪੜ੍ਹਦੀ ਨਹੀਂ ਹੈ ਜਾਂ ਗਲਤ ਰਸਤੇ ਪਈ ਹੋਈ ਹੈ ਉਸ ਵਿੱਚ ਸੁਧਾਰ ਕਿਵੇਂ ਲਿਆਉਣਾ ਹੈ? ਜਾਂ ਮੈਨੂੰ ਲੋਕ ਪਰਲੋਕ ਵਿੱਚ ਸੁਖ ਕਿਵੇਂ ਬਖਸ਼ਣਾ ਹੈ? ਉਸ ਬਾਰੇ ਤੁਸੀਂ ਹੀ ਜਾਣਦੇ ਹੋ। ਹਜ਼ੂਰ! ਮੇਰੀ ਹੋਰ ਕੋਈ ਥਾਂ ਨਹੀਂ ਹੈ ਜਿਸ ਕੋਲ ਫਰਿਆਦ ਕਰਾਂ। ਰਿਸ਼ਤੇਦਾਰ, ਸਕੇ ਸੰਬੰਧੀ ਕਿਸੇ ਦੀ ਮੌਤ ਹੋਣ ਤੇ ਜਾਂ ਘਾਟਾ ਪੈਣ ਤੇ ਜਾਂ ਕੋਈ ਹੋਰ ਦੁੱਖ ਆਉਣ ਉਪਰੰਤ ਆ ਕੇ ਬਹੁਤ ਅਫਸੋਸ ਕਰਦੇ ਹਨ ਕਿ ਮਾੜਾ ਹੋਇਆ ਹੈ ਪਰ ਅੰਦਰੋਂ ਖੁਸ਼ ਹੁੰਦੇ ਹਨ ਕਿ ਜੋ ਹੋਇਆ ਹੈ ਠੀਕ ਹੀ ਹੋਇਆ ਹੈ। ਹਜ਼ੂਰ! ਤੁਸੀਂ ਜਾਣਦੇ ਹੋ ਕਿ ਮੇਰੇ ਦੁੱਖ ਕਿਸ ਤਰ੍ਹਾਂ ਨਵਿਰਤ ਕਰਨੇ

ਹਨ? ਮੇਰੀਆਂ ਕਮੀਆਂ ਅਤੇ ਘਾਟੇ ਕਿਸ ਤਰ੍ਹਾਂ ਪੂਰੇ ਕਰਨੇ ਹਨ? ਇਸ ਕਰਕੇ ਤੁਸੀਂ ਮੇਰੀ ਰੱਖਿਆ ਕਰੋ।

**ਤੂੰ ਦਾਤਾ ਜੀਆ ਸਭਨਾ ਕਾ**

**ਤੇਰਾ ਦਿਤਾ ਪਹਿਰਹਿ ਖਾਇ॥ ੨॥**

ਹਜ਼ੂਰ! ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਲੋਕਾਂ ਕੋਲੋਂ ਖੋਹ ਕੇ ਮੈਨੂੰ ਦੇ ਦਿਓ ਜਾਂ ਫਲਾਣੇ ਰਿਸ਼ਤੇਦਾਰ ਨੂੰ ਨਾ ਦਿਓ ਜਾਂ ਮੈਨੂੰ ਇੱਕਲੇ ਨੂੰ ਦਿਓ। ਹਜ਼ੂਰ! ਤੁਸੀਂ ਸਾਰਿਆਂ ਦੇ ਦਾਤੇ ਹੋ।

ਸਾਡੇ ਪਰਿਵਾਰ ਵਿਚੋਂ ਇੱਕ ਬਜੁਰਗ ਸਨ। ਉਹਨਾਂ ਨੇ ਸਵੇਰੇ ਉੱਠ ਕੇ ਬੇਨਤੀ ਕਰਨੀ ਕਿ ਸੱਚੇ ਪਾਤਿਸ਼ਾਹੋ! ਸਾਰਿਆਂ ਨੂੰ ਦੁੱਧ ਬਖਸ਼ੋ ਪਰ ਮੇਰੇ ਵਾਸਤੇ ਦੋ ਗਿਲਾਸ ਰੱਖ ਲਇਓ। ਐਸਾ ਨਾ ਹੋਵੇ ਕਿ ਸਾਰਾ ਹੀ ਵੰਡ ਦਿਓ ਅਤੇ ਮੈਨੂੰ ਨਾ ਮਿਲੇ।

ਹਜ਼ੂਰ! ਤੁਸੀਂ ਸਾਰਿਆਂ ਦੇ ਦਾਤੇ ਹੋ। ਤੁਸੀਂ ਸਭ ਨੂੰ ਦੁੱਧ, ਪੁੱਤ, ਧੀਆਂ, ਕਾਰੋਬਾਰ ਆਦਿ ਦੇਣੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਨੂੰ ਘੱਟ ਦਿਓ। ਸਭ ਨੂੰ ਦਿਓ ਪਰ ਮੇਰੀ ਵੀ ਜੋ ਕਮੀ ਹੈ ਉਸ ਨੂੰ ਪੂਰੀ ਕਰੋ। ਹਜ਼ੂਰ! ਤੁਹਾਡਾ ਕੀਤਾ ਹੀ ਸਭ ਕੁਝ ਹੋਣਾ ਹੈ। ਤੁਸੀਂ ਜੋ ਦੇਵੋਗੇ ਅਸੀਂ ਉਹੋ ਹੀ ਖਾਣਾ ਹੈ। ਇਸ ਕਰਕੇ ਪਹਿਨਣਾ ਅਤੇ ਖਾਣਾ ਸਭ ਤੁਹਾਡੀ ਮੌਜ ਵਿੱਚ ਹੈ। ਹਜ਼ੂਰ! ਤੁਹਾਡਾ ਦਿੱਤਾ ਹੀ ਮੈਂ ਪਹਿਨ ਅਤੇ ਖਾ ਸਕਦਾ ਹਾਂ।

**ਸੁਖੁ ਦੂਖੁ ਤੇਰੀ ਆਗਿਆ ਪਿਆਰੇ**

**ਦੂਜੀ ਨਾਹੀ ਜਾਇ॥ ੩॥**

ਸੱਚੇ ਪਾਤਿਸ਼ਾਹੋ! ਸੁਖ ਵੀ ਤੁਹਾਡੇ ਹੁਕਮ ਵਿੱਚ ਆਉਣਾ ਹੈ ਅਤੇ ਦੁਖ ਵੀ ਤੁਹਾਡੇ ਹੁਕਮ ਵਿੱਚ ਆਉਣਾ ਹੈ। ਅਗਰ ਦੁੱਖ ਆਉਂਦਾ ਹੈ ਉਸ ਨੂੰ ਨਵਿਰਤ ਕਰਿਓ ਅਤੇ ਅਗਰ ਸੁਖ ਆਵੇ ਤਦ ਮੈਂ ਤੁਹਾਡਾ ਧੰਨਵਾਦ ਕਰਾਂ, ਸ਼ੁਕਰਾਨਾ ਕਰਾਂ ਅਤੇ ਮੈਂ ਮਾਣ ਵਿੱਚ ਨਾ ਆਵਾਂ।

**ਜੋ ਤੂੰ ਕਰਾਵਹਿ ਸੋ ਕਰੀ ਪਿਆਰੇ**

**ਅਵਰੁ ਕਿਛੁ ਕਰਣੁ ਨ ਜਾਇ॥ ੪॥**

ਹੁਣ ਐਸਾ ਨਹੀਂ ਕਿ ਜੀਵ ਕਿਸੇ ਦੀ ਧੌਣ ਵੱਢ ਕੇ, ਲੱਤ ਵੱਢ ਕੇ ਜਾਂ ਕਿਸੇ ਨਾਲ ਗਲਤ ਕਰਕੇ ਇਹ ਕਹੇ ਕਿ ਜੋ ਵੀ ਕਰਵਾਇਆ ਹੈ ਹਜ਼ੂਰ ਨੇ ਹੀ ਕਰਵਾਇਆ ਹੈ। ਸੱਚੇ ਪਾਤਿਸ਼ਾਹੋ! ਮੈਨੂੰ ਸੁਮੱਤ ਬਖਸ਼ੋ ਕਿ ਮੈਂ ਸਭ ਦਾ ਭਲਾ ਮੰਗਾਂ। ਜੋ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਿਸ਼ਨ ਹੈ।

*ਨਾਨਕ ਨਾਮ ਚੜ੍ਹਦੀ ਕਲਾ॥*

*ਤੇਰੇ ਭਾਣੇ ਸਰਬਤ ਦਾ ਭਲਾ॥*

ਮੈਂ ਇਸ ਮਿਸ਼ਨ ਤੋਂ ਲਾਂਭੇ ਨਾ ਜਾਵਾਂ। ਅਗਰ ਮੈਂ ਡੋਲਣ ਲੱਗਾਂ ਜਾਂ ਗਲਤ ਕਰਮ ਕਰਨ ਲੱਗਾ ਤਦ ਮੈਨੂੰ ਸੋਝੀ ਬਖਸ਼ ਕੇ ਸਿੱਧੇ ਰਸਤੇ ਪਾਇਓ।

**ਦਿਨੁ ਰੈਣਿ ਸਭ ਸੁਹਾਵਣੇ ਪਿਆਰੇ**

**ਜਿਤੁ ਜਪੀਐ ਹਰਿ ਨਾਉ॥ ੫॥**

ਪਰ ਸਾਧ ਸੰਗਤ ਜੀ! ਇਹ ਗੱਲ ਪੱਕੀ ਹੈ ਕਿ ਉਹ ਦਿਨ ਅਤੇ ਰਾਤ ਸੁਹਾਵੇ ਹੁੰਦੇ ਹਨ ਜਦੋਂ ਅਸੀਂ ਸਿਮਰਨ ਅਤੇ ਜਾਪ ਕਰਕੇ ਸੌਂਦੇਂ ਹਾਂ ਅਤੇ ਸਿਮਰਨ ਜਾਪ ਕਰਕੇ ਜਾਗਦੇ ਹਾਂ। ਹਜ਼ੂਰ ਹੀ ਕਿਰਪਾ ਕਰਕੇ ਸਾਨੂੰ ਸੋਝੀ ਬਖਸ਼ਣ ਅਤੇ ਅਸੀਂ ਇਹਨਾਂ ਅਸੂਲਾਂ ਉੱਪਰ ਚੱਲ ਕੇ ਆਪਣਾ ਜੀਵਨ ਬਤੀਤ ਕਰੀਏ।

**ਸਾਈ ਕਾਰ ਕਮਾਵਣੀ ਪਿਆਰੇ**

**ਧੁਰਿ ਮਸਤਕਿ ਲੇਖੁ ਲਿਖਾਇ॥ ੬॥**

ਇਨਸਾਨ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਮਸਤਕ 'ਤੇ ਲੇਖ ਲਿਖੇ ਜਾਂਦੇ ਹਨ। ਲੇਕਿਨ ਅਗਰ ਲੇਖਾਂ ਵਿੱਚ ਕਮੀ ਜਾਂ ਘਾਟ ਵਾਧ ਹੋਵੇ ਤਾਂ ਪੂਰਨ ਸੰਤ ਕਿਰਪਾ ਕਰਕੇ ਠੀਕ ਵੀ ਕਰ ਦਿੰਦੇ ਹਨ।

*ਤੁਲਸੀ ਲਿਖੀ ਨਸੀਬ ਕੀ ਸੰਤ ਦੇਤ ਹੈਂ ਫੇਰ*

*ਸੰਤ ਦੇਤ ਹੈ ਫੇਰ ਹਾਥ ਮੈਂ ਉਨਕੇ ਸਾਹਿਬ*

*ਉਨਸੇ ਕਰਤਾ ਭੀ ਡਰੇ।*

ਜਿਸ ਵਿਧਾਤਾ ਨੇ ਲੇਖ ਲਿਖੇ ਹੁੰਦੇ ਹਨ ਉਹ ਵੀ ਡਰਦਾ ਹੈ। ਸਿਰਫ਼ ਸਾਧੂ ਹੀ ਲੇਖ ਬਦਲਣ ਦੀ ਸਮਰੱਥਾ ਰੱਖਦੇ ਹਨ। ਜਿਸ ਤਰ੍ਹਾਂ ਮਾਤਾ ਸੁਲੱਖਣੀ ਦੇ ਕਰਮਾਂ ਵਿੱਚ ਪੁੱਤਰ ਦੀ ਕਮੀ ਸੀ। ਹਜ਼ੂਰ ਛੇਵੇਂ ਪਾਤਿਸ਼ਾਹ ਇੱਕ ਪੁੱਤਰ ਲਿਖਣ ਲੱਗੇ ਤਾਂ ਇਤਿਹਾਸ ਦਸਦਾ ਹੈ ਕਿ ਘੋੜਾ ਹਿੱਲ ਗਿਆ ਅਤੇ ਏਕੇ ਦਾ ਸਾਤਾ ਬਣ ਗਿਆ। ਉਹ ਪੂਰਨ ਤਾਕਤ ਸਨ। ਆਪ ਹੀ ਸਭ ਕੁਝ ਕਰਣਯੋਗ ਸਨ ਫੇਰ ਘੋੜਾ ਕਿਵੇਂ ਹਿਲ ਸਕਦਾ ਸੀ? ਕਿਉਂਕਿ

*ਤਿਨਕਾ ਤੂਟੇ ਨਹੀਂ ਬਿਨ ਸਤਿਗੁਰ ਕੀ ਦਇਆ।*

ਹਜ਼ੂਰ! ਤੁਸੀਂ ਸਮੱਰਥਾ ਰੱਖਦੇ ਹੋ। ਅਗਰ ਮੇਰੇ ਲੇਖਾਂ ਵਿੱਚ ਕੋਈ ਸੁਖ ਨਹੀਂ ਲਿਖਿਆ ਤਾਂ ਤੁਸੀਂ ਹੁਣ ਲਿਖ ਦਿਓ। ਪਰ ਐਸਾ ਨਹੀਂ ਕਿ ਕਿਸੇ ਦਾ ਕੱਟ ਕੇ ਮੇਰਾ ਲਿਖੋ।

**ਏਕੋ ਆਪਿ ਵਰਤਦਾ ਪਿਆਰੇ**

**ਘਟਿ ਘਟਿ ਰਹਿਆ ਸਮਾਇ॥ ੭॥**

ਹਜ਼ੂਰ! ਹਰ ਚੀਜ ਵਿੱਚ ਤੁਸੀਂ ਵਰਤ ਰਹੇ ਹੋ। ਅਸੀਂ ਕਿਸੇ ਕੋਲੋਂ ਖੋਹ ਕੇ ਨਹੀਂ ਲੈਣੀ। ਤੁਹਾਡੇ ਕੋਲ ਦਾਤਾਂ ਦੀ ਕਮੀ ਨਹੀਂ ਹੈ। ਤੁਸੀਂ ਮੈਨੂੰ ਹੋਰ ਬਖਸ਼ ਦਿਉ।

**ਸੰਸਾਰ ਕੂਪ ਤੇ ਉਧਰਿ ਲੈ ਪਿਆਰੇ**

**ਨਾਨਕ ਹਰਿ ਸਰਣਾਇ ॥੮॥੩॥੨੨॥੧੫॥**

**੨॥ ੪੨॥**

ਸੱਚੇ ਪਾਤਿਸ਼ਾਹੋ! ਇਹ ਸੰਸਾਰ ਅੰਨਾ ਖੂਹ ਹੈ। ਅਸੀਂ ਇਸ ਵਿੱਚ ਡੁੱਬੇ ਪਏ ਹਾਂ।

*ਬਾਹ ਪਕਰਿ ਕਢਿ ਲੀਨੇ ਅਪੁਨੇ*

*ਗ੍ਰਿਹ ਅੰਧ ਕੂਪ ਤੇ ਮਾਇਆ॥ (ਅੰਗ 1218)*

ਹਜ਼ੂਰ! ਤੁਸੀਂ ਲੰਮੀ ਬਾਂਹ ਕਰਕੇ ਸਾਨੂੰ ਮਾਇਆ ਦੇ ਖੂਹ ਵਿੱਚ ਡਿੱਗਿਆਂ ਨੂੰ ਬਾਹਰ ਕੱਢੋ।

# ਸਤਿਸੰਗ

**॥ ਸੋਰਠਿ ਮਹਲਾ ੧ ਦੁਤੁਕੇ॥ (ਅੰਗ 596)**

**ਪੁੜੁ ਧਰਤੀ ਪੁੜੁ ਪਾਣੀ ਆਸਣੁ**

**ਚਾਰਿ ਕੁੰਟ ਚਉਬਾਰਾ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਚੱਕੀ ਦੇ ਦੋ ਪੜੂਏ ਹੁੰਦੇ ਹਨ। ਚੱਕੀ ਦੇ ਇੱਕ ਪੜੂਏ ਉੱਪਰ ਦੂਜਾ ਪੜੂਆ ਰੱਖ ਦਿੱਤਾ ਜਾਂਦਾ ਹੈ। ਥੱਲੇ ਵਾਲਾ ਪੜੂਆ ਧਰਤੀ ਦੇ ਉੱਪਰ ਹੁੰਦਾ ਹੈ। ਇਸ ਕਰਕੇ ਉਹ ਦੂਜੇ ਪੜੂਏ ਨੂੰ ਚੁੱਕ ਲੈਂਦਾ ਹੈ। ਇਸੇ ਤਰ੍ਹਾਂ ਧਰਤੀ ਦੇ ਉੱਪਰ ਦਰੱਖਤ ਹਨ, ਨਦੀਆਂ ਨਾਲੇ ਵਗ ਰਹੇ ਹਨ। ਧਰਤੀ ਉਹਨਾਂ ਦਰਖਤਾਂ, ਨਦੀਆਂ, ਨਾਲਿਆਂ, ਕੋਠੀਆਂ, ਬਿਲਡਿੰਗਾਂ ਨੂੰ ਚੁੱਕ ਕੇ ਬੈਠੀ ਹੈ। ਲੇਕਿਨ ਇਸ ਧਰਤੀ ਦੇ ਥੱਲੇ ਪਾਣੀ ਹੈ। ਉਹ ਪਾਣੀ ਧਰਤੀ ਨੂੰ ਚੁੱਕ ਕੇ ਖੜਾ ਹੈ। ਕਿਤੇ ਧਰਤੀ ਪਾਣੀ ਨੂੰ ਚੁੱਕਦੀ ਹੈ ਅਤੇ ਕਿਤੇ ਪਾਣੀ ਧਰਤੀ ਨੂੰ ਚੁੱਕ ਕੇ ਖੜਾ ਹੈ। ਫੇਰ ਆਸਣ ਅਰਥਾਤ ਜਿਥੇ ਕਾਰਪੈੱਟ ਉੱਪਰ ਤੁਸੀਂ ਬੈਠੇ ਹੋ ਤੁਹਾਡੇ ਲਈ ਉਹ ਆਸਣ ਹੈ ਜਿੱਥੇ ਅਸੀਂ ਬੈਠੇ ਹਾਂ ਸਾਡੇ ਲਈ ਇਹ ਆਸਣ ਹੈ। ਛਤਰ ਚੌਰ ਦੇ ਮਾਲਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਜੋ ਪੀਹੜਾ ਸਾਹਿਬ ਬਣਿਆ ਹੈ ਉਹਨਾਂ ਵਾਸਤੇ ਉਹ ਆਸਣ ਹੈ। ਇਸ ਤਰ੍ਹਾਂ ਮਾਲਿਕ ਨੇ ਹਰ ਇੱਕ ਵਾਸਤੇ ਵੱਖਰੇ ਆਸਣ ਬਣਾਏ ਹਨ। ਅਤੇ ਅਸੀਂ ਦੇਖਿਆ ਹੈ ਕਿ 135 ਮੰਜਿਲਾਂ ਤੱਕ ਵਾਲੇ ਟਾਵਰ ਅਤੇ ਚੁਬਾਰੇ ਬਣੇ ਹਨ। ਕਿੰਨੇ ਮੀਨਾਰ ਅਤੇ ਪਹਾੜ ਹਨ। ਇਹ ਸਭ ਮਾਲਿਕ ਦੀ ਮੌਜ ਵਿੱਚ ਹੀ ਦੁਨੀਆਂ ਦੀ ਰਚਨਾ ਹੋਈ ਹੈ।

**ਸਗਲ ਭਵਣ ਕੀ ਮੂਰਤਿ ਏਕਾ**

**ਮੁਖਿ ਤੇਰੈ ਟਕਸਾਲਾ॥ ੧॥**

ਹਜ਼ੂਰ ਸਾਰੀ ਦੁਨੀਆਂ ਅਤੇ ਭਵਨ ਤੁਹਾਡੇ ਹੀ ਬਣਾਏ ਹੋਏ ਹਨ। ਤੁਸੀਂ ਕੋਈ ਵੱਡਾ ਕੋਈ ਛੋਟਾ, ਕੋਈ ਝੀਲ, ਕੋਈ ਜਜੀਰਾ ਬਣਾਇਆ ਹੈ। ਤੁਹਾਡੀ ਐਸੀ ਮੌਜ ਹੈ। ਤੁਹਾਡੇ ਹੁਕਮ ਵਿੱਚ ਹੀ ਸਭ ਕੁਝ ਬਣਿਆ ਹੈ।

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ ੨॥*

*(ਅੰਗ 1)*

ਸੋਨੇ ਦੇ ਸਿੱਕੇ ਬਣਾਉਣ ਵਾਲੀ ਅਤੇ ਹਸਪਤਾਲ ਦੀਆਂ ਮਸ਼ੀਨਾਂ ਬਣਾਉਣ ਵਾਲੀ ਵੀ ਟਕਸਾਲ ਹੈ।

**ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ॥**

ਸੱਚੇ ਪਾਤਿਸ਼ਾਹੋ! ਇਹ ਸਭ ਤੁਹਾਡੀ ਹੀ ਵਡਿਆਈ ਹੈ ਕਿ ਕਿਸੇ ਨੂੰ ਐਨਾ ਧਨ ਦਿੰਦੇ ਹੋ ਕਿ

*ਇਕਿ ਨਿਹਾਲੀ ਪੈ ਸਵਨਿ੍*

*ਇਕਿ ਉਪਰਿ ਰਹਨਿ ਖੜੇ॥ (ਅੰਗ 475)*

ਪਹਿਲੇ ਸਮੇਂ ਵਿੱਚ ਇੱਕ ਸੁੱਤਾ ਹੁੰਦਾ ਸੀ ਅਤੇ ਦੂਸਰਾ ਪੱਖਾ ਝੱਲਦਾ ਹੁੰਦਾ ਸੀ। ਲੜਕੀਆਂ ਗੀਤ ਗਾਇਆ ਕਰਦੀਆਂ ਸਨ ਕਿ

*ਸੌਣਾ ਪਲੰਘਾਂ ਦਾ ਗੋਲੀ ਬੈਠੀ ਪੱਖਾ ਝੱਲੇ।*

ਸੱਚੇ ਪਾਤਿਸ਼ਾਹੋ! ਕਿਸੇ ਨੂੰ ਤੁਸੀਂ ਐਨਾ ਧਨ ਦਿੱਤਾ ਹੈ ਕਿ ਉਸ ਕੋਲੋਂ ਸਾਂਭਿਆ ਨਹੀਂ ਜਾ ਰਿਹਾ। ਉਹ ਇਨਕਮ ਟੈਕਸ ਵਾਲਿਆਂ ਤੋਂ ਡਰ ਰਿਹਾ ਹੈ। ਅਤੇ ਕਿਸੇ ਕੋਲ ਧਨ ਨਹੀਂ ਹੈ ਉਹ ਰੋਟੀ ਨੂੰ ਵੀ ਤਰਸ ਰਿਹਾ ਹੈ। ਇਹ ਸਾਰੇ ਤੁਹਾਡੇ ਹੀ ਚੋਜ ਹਨ।

**ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ**

**ਆਪੇ ਸਰਬ ਸਮਾਣਾ॥ ਰਹਾਉ॥**

ਸੱਚੇ ਪਾਤਿਸ਼ਾਹੋ! ਜਲ ਵਿੱਚ, ਥਲ ਵਿੱਚ, ਪਹਾੜਾਂ ਵਿੱਚ, ਅਕਾਸ਼ ਵਿੱਚ ਸਭ ਜਗ੍ਹਾ ਤੁਸੀਂ ਸਮਾਏ ਹੋਏ ਹੋ। ਤੁਸੀਂ ਜਿਸ ਨੂੰ

ਮਰਜੀ ਭਰ ਦਿੰਦੇ ਹੋ ਜਿਸ ਨੂੰ ਮਰਜੀ ਖਾਲੀ ਕਰ ਦਿੰਦੇ ਹੋ।

**ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥**

ਅਸੀਂ ਸੰਗਤ ਨੂੰ ਮਾਲਿਕ ਦਾ ਰੂਪ ਸਮਝ ਕੇ ਸਾਰੀਆਂ ਸਹੂਲਤਾਂ ਦਿੰਦੇ ਹਾਂ। ਅਸੀਂ ਸੰਗਤ ਵਾਸਤੇ ਕੋਸ਼ਿਸ਼ ਕੀਤੀ ਹੈ ਕਿ ਉਹ ਆਪਣੀਆਂ ਲੜਕੀਆਂ ਦੀ ਸ਼ਾਦੀ ਇੱਥੇ ਸਾਦੇ ਤੌਰ ਤੇ ਕਰਨ। ਫੇਰ ਵੀ ਕਈ ਕਹਿੰਦੇ ਹਨ ਕਿ ਸਾਡਾ ਨੱਕ ਨਹੀਂ ਰਹਿੰਦਾ ਅਸੀਂ ਪੈਲੇਸ ਵਿੱਚ ਹੀ ਸ਼ਾਦੀ ਕਰਨੀ ਹੈ। ਕਈ ਗੈਰ ਸਤਿਸੰਗੀ ਸਾਨੂੰ ਆ ਕੇ ਕਹਿੰਦੇ ਹਨ ਕਿ ਤੁਸੀਂ ਮੋਰਚਰੀ ਦੇ ਪੈਸੇ ਨਹੀਂ ਲੈਂਦੇ ਤੁਹਾਡਾ ਕੰਮ ਕਿਵੇਂ ਚੱਲੇਗਾ? ਅਸੀਂ ਕਿਹਾ ਮਾਲਿਕ ਚਲਾ ਰਹੇ ਹਨ। ਉਹ ਜੀਵ ਬੈਠੇ ਬੈਠੇ ਦੋ- ਦੋ ਲੱਖ ਰੁਪਿਆ ਦੇ ਜਾਂਦੇ ਹਨ। ਉਹ ਕਹਿੰਦੇ ਹਨ ਕਿ ਇੱਕ ਦਿਨ ਦਾ ਪੰਜ ਸੌ ਰੁਪਿਆ ਹੁੰਦਾ ਹੈ ਅਤੇ ਸਾਡੇ ਰਿਸ਼ਤੇਦਾਰ ਦੀ ਮ੍ਰਿਤਕ ਦੇਹ ਇਥੇ ਦਸ ਦਿਨ ਰਹੀ ਹੈ ਸਾਡਾ ਪੰਜ ਹਜਾਰ ਰੁਪਿਆ ਬਣਦਾ ਹੈ। ਪਰ ਕਈ ਗਰੀਬ ਆਦਮੀ ਦੇ ਵੀ ਨਹੀਂ ਸਕਦੇ ਅਤੇ ਤੁਸੀਂ ਕਿਸੇ ਕੋਲੋਂ ਮੰਗਦੇ ਵੀ ਹੀ ਨਹੀਂ ਹੋ। ਇਹ ਸਾਡੀ ਸੇਵਾ ਉਸ ਵਿੱਚ ਪਾ ਦਿਓ। ਐਸਾ ਨਹੀਂ ਕਿ ਸੰਗਤ ਦੇ ਬੰਦੇ ਹੀ ਦੇ ਰਹੇ ਹਨ। ਗੈਰ ਸਤਿਸੰਗੀ ਵੀ ਹਸਪਤਾਲ ਦੀ ਬਹੁਤ ਸੁਪੋਰਟ ਕਰ ਰਹੇ ਹਨ। ਸੋਈ ਹਜ਼ੂਰ ਦੀ ਕਿਰਪਾ ਅਤੇ ਦਲੇਰੀ ਤੋਂ ਬਿਨਾਂ ਦਾਨ ਨਹੀਂ ਦਿੱਤਾ ਜਾ ਸਕਦਾ।

*ਤੁਅੰਗਰੀ-ਬਾ ਦਿਲ ਅਸਤ ਨਾ ਕਿ ਮਾਲ।*

ਦਿਲ ਨਾਲ ਦਲੇਰੀ ਕਰਕੇ ਦਾਨ ਦਿੱਤਾ ਜਾਂਦਾ ਹੈ ਅਤੇ ਘਰ ਵਿੱਚ ਵੀ ਖਰਚੇ ਕੀਤੇ ਜਾਂਦੇ ਹਨ। ਪਰ ਕਈਆਂ ਕੋਲ ਪੈਸਾ ਹੁੰਦਾ ਹੈ ਅਤੇ ਬੱਚੇ ਰੋਈ ਜਾਂਦੇ ਹਨ ਕਿ ਡੈਡੀ ਸੌ ਰੁਪਏ ਦੀ ਕਿਤਾਬ ਆਉਣੀ ਹੈ ਮੈਨੂੰ ਸੌ ਰੁਪਿਆ ਦਿਓ। ਉਹ ਕਹਿਣਗੇ ਪੰਜਾਹ ਅੱਜ ਲੈ ਜਾ ਪੰਜਾਹ ਕੱਲ ਨੂੰ ਲੈ ਲਈਂ। ਅਗਰ ਪੰਜ ਸੌ ਦੀ ਕਿਤਾਬ ਆਉਣੀ ਹੋਵੇ ਤਦ ਕਹਿਣਗੇ ਢਾਈ ਸੌ ਰੁਪਏ ਅੱਜ ਲੈ ਜਾ ਢਾਈ ਸੌ ਫੇਰ ਲੈ ਜਾਵੀਂ। ਕੀ ਬੱਚਾ ਦੁਕਾਨ ਤੋਂ ਅੱਧੀ ਕਿਤਾਬ ਫਾੜ ਕੇ ਲੈ ਆਵੇਗਾ? ਬੱਚਾ ਉਸੇ ਦਾ ਹੈ ਜੋ ਪੜ੍ਹ ਰਿਹਾ ਹੈ। ਉਸ ਬੱਚੇ ਨੇ ਪੜ੍ਹ ਕੇ ਮਾਂ ਬਾਪ ਨੂੰ ਸੰਭਾਲਣਾ ਹੈ ਪਰ ਉਸੇ ਦੀ ਪੜ੍ਹਾਈ ਵਾਸਤੇ ਕਿਤਾਬ ਲੈ ਕੇ ਦੇਣ ਲਈ ਤਿਆਰ ਨਹੀਂ ਹੁੰਦੇ। ਫੇਰ ਬੱਚੇ ਨੂੰ ਕਹਿਣਗੇ ਦੁਕਾਨਦਾਰ ਨੂੰ ਕਹਿ ਦੇਵੀਂ ਅੱਧੇ ਪੈਸੇ ਕੱਲ ਨੂੰ ਦੇਵਾਂਗੇ। ਕਿਉਂ ਤੁਸੀਂ ਆਪਣੇ ਬੱਚੇ ਕੋਲੋਂ ਤਰਲੇ ਕਰਵਾਉਂਦੇ ਹੋ? ਕਿਉਂ ਆਪਣੇ ਬੱਚੇ ਨੂੰ ਨੀਵਾਂ ਦਿਖਾਉਂਦੇ ਹੋ? ਮਾਲਿਕ ਕਿਰਪਾ ਕਰਕੇ ਹੀ ਜੀਵ ਨੂੰ ਦਲੇਰੀ ਬਖਸ਼ਦੇ ਹਨ।

ਕਈ ਜੀਵ ਸੇਵਾ ਦੇ ਕੇ ਕਹਿੰਦੇ ਹਨ ਕਿ ਅਸੀਂ ਤੁਹਾਨੂੰ ਦਿੱਤੀ ਹੈ ਜਿੱਥੇ ਮਰਜੀ ਪਾ ਲਵੋ। ਕਈ ਕਹਿੰਦੇ ਹਨ ਕਿ ਤੁਸੀਂ ਸਾਡੇ ਲਈ ਅਰਦਾਸ ਕੀਤੀ ਸੀ ਸਾਡਾ ਕੰਮ ਬਣ ਗਿਆ ਹੈ ਇਸ ਕਰਕੇ ਅਸੀਂ ਤੁਹਾਨੂੰ ਸੇਵਾ ਦੇ ਰਹੇ ਹਾਂ ਜਿੱਥੇ ਮਰਜੀ ਪਾ ਲਵੋ। ਅਸੀਂ ਉਸ ਸੇਵਾ ਨੂੰ ਜਿੱਥੇ ਜਿੱਥੇ ਵੀ ਲੋੜ ਹੁੰਦੀ ਹੈ ਉਥੇ ਹੀ ਪਾ ਦੇਈਦੀ ਹੈ। ਇੰਝ ਬਿਲੀਡੰਗਾਂ ਅਤੇ ਹਸਪਤਾਲ ਬਣੇ ਹਨ। ਇਸ ਸੰਸਥਾ ਕੋਲ ਜਦੋਂ ਕੁਝ ਵੀ ਨਹੀਂ ਸੀ ਉਦੋਂ ਸਭ ਨੇ ਰੱਜ ਕੇ ਸਾਡੀ ਵਿਰੋਧਤਾ ਕੀਤੀ। ਪਰ ਅੱਜ ਜਦੋਂ ਸਭ ਕੁਝ ਬਣ ਗਿਆ ਹੈ ਤਾਂ ਸਾਰੇ ਕਹਿੰਦੇ ਹਨ ਕਿ ਇਹ ਸਾਡਾ ਚਾਚਾ, ਤਾਇਆ, ਫੁੱਫੜ, ਮਾਸੜ, ਸਾਲਾ ਜਾਂ ਭਣਵਈਆ ਹੈ। ਸੋਈ ਇਹ ਸਭ ਮਾਲਿਕ ਦੀ ਮੌਜ ਹੈ। ਉਹ ਜਿਸ ਕਿਸੇ ਨੂੰ ਜੋ ਮਰਜੀ ਬਖਸ਼ ਸਕਦੇ ਹਨ। ਸਾਰਾ ਕੰਮ ਸੰਗਤ ਅਤੇ ਸਤਿਗੁਰ ਕਰ ਰਹੇ ਹਨ ਅਤੇ ਨਾਮ ਬਾਬਾ ਜੀ ਦਾ ਵੱਜਦਾ ਹੈ। ਹਸਪਤਾਲ ਦਾ ਨਾਮ ਸੁਆਮੀ ਗੁਰਬਚਨ ਲਾਲ ਜੀ ਚੈਰੀਟੇਬਲ ਹਸਪਤਾਲ ਹੈ ਪਰ ਜਿਸ ਨੂੰ ਮਰਜੀ ਪੁੱਛ ਲਵੋ ਇਹੋ ਕਹਿੰਦੇ ਹਨ ਕਿ ਬਾਬਾ ਕਸ਼ਮੀਰਾ ਸਿੰਘ ਦੇ ਹਸਪਤਾਲ ਚੱਲੇ ਹਾਂ। ਕਿਤੇ ਵੀ ਸਾਡਾ ਨਾਮ ਨਹੀਂ ਲਿਖਿਆ ਹੋਇਆ ਅਤੇ ਅਸੀਂ ਹਰ ਰੋਜ ਅਨਾਉਂਸਮੈਂਟ ਕਰਦੇ ਹਾਂ ਕਿ ਸੰਗਤ ਸਭ ਕੁਝ ਕਰ ਰਹੀ ਹੈ। ਫੇਰ ਵੀ ਨਾਮ ਸਾਡਾ ਲੈਂਦੇ ਹਨ ਕਿ ਉਹਨਾਂ ਦੇ ਹਸਪਤਾਲ ਜਾਣਾ ਹੈ। ਉਹਨਾਂ ਨੂੰ ਵਿਸ਼ਵਾਸ਼ ਹੈ ਜਿਸ ਤਰ੍ਹਾਂ ਸੈਨ ਨਾਈ ਜੀ ਨੇ ਰਾਤ ਭਰ ਸਤਿਸੰਗ ਵਿੱਚ ਮਾਲਿਕ ਦੀ ਹਾਜਰੀ ਭਰੀ ਅਤੇ ਮਾਲਿਕ ਨੇ ਨਾਈ ਬਣ ਕੇ ਰਾਜੇ ਦੀ ਮਾਲਿਸ਼ ਕੀਤੀ ਅਤੇ ਉਸਦਾ ਗੰਠੀਆ ਠੀਕ ਹੋ ਗਿਆ। ਹੁਣ ਸਭ ਵੱਡੇ ਵੱਡੇ ਅਹੁਦਿਆਂ ਵਾਲਿਆਂ ਦੇ ਪਾਜ ਖੁੱਲ ਰਹੇ ਹਨ ਪਰ ਮਾਲਿਕ ਦੀ ਕਿਰਪਾ ਸਦਕਾ ਅੱਜ ਤੱਕ ਕੋਈ ਮਾਈ ਦਾ ਲਾਲ ਸਾਡੇ ਵੱਲ ਉਂਗਲ ਨਹੀਂ ਕਰ ਸਕਿਆ ਕਿਉਂਕਿ ਹਜ਼ੂਰ ਨੇ ਸਾਨੂੰ ਸਿਦਕ ਅਤੇ ਤਿਆਗ ਬਖਸ਼ਿਆ ਹੈ। ਉਸ ਤਿਆਗ ਦਾ ਸਦਕਾ ਹੀ

*ਯਾਰ ਮੇਰਾ ਰੂਪ ਕਰਤ ਸਭ ਕਾਮ ਹੈ।*

*ਬੀਚ ਮੇਂ ਇਕ ਨਾਮ ਮੇਰਾ ਬਦਨਾਮ ਹੈ।*

ਸਭ ਕੁਝ ਹਜ਼ੂਰ ਕਰ ਰਹੇ ਹਨ ਅਤੇ ਨਾਮ ਸਾਡਾ ਵੱਜ ਰਿਹਾ ਹੈ ਕਿ ਬਾਬਾ ਜੀ ਕਰ ਰਹੇ ਹਨ। ਸੋਈ ਹਜ਼ੂਰ ਜਿਸ ਨੂੰ ਮਰਜੀ ਵਡਿਆਈ ਬਖਸ਼ ਸਕਦੇ ਹਨ ਅਤੇ ਲੋਕਾਂ ਕੋਲੋਂ ਜਿਸ ਨਾਲ ਮਰਜੀ ਨਫ਼ਰਤ ਕਰਵਾ ਦੇਣ। ਪਰ ਜੀਵ ਦੇ ਆਪਣੇ ਕੁਝ ਵੀ ਵੱਸ ਨਹੀਂ ਹੈ।

**ਇਕਤੁ ਰੂਪਿ ਫਿਰਹਿ ਪਰਛੰਨਾ**

**ਕੋਇ ਨ ਕਿਸ ਹੀ ਜੇਹਾ॥ ੨॥**

ਮਾਲਿਕ ਨੇ ਐਨੀ ਦੁਨੀਆਂ ਬਣਾਈ ਹੈ ਸਾਰੇ ਸੰਸਾਰ ਵਿੱਚ ਜਿੱਥੇ ਮਰਜੀ ਜਾ ਕੇ ਦੇਖ ਲਵੋ ਇੱਕ ਵਰਗਾ ਦੂਸਰਾ ਕੋਈ ਨਹੀਂ ਹੈ। ਦੁਨੀਆਂ ਭਰ ਵਿੱਚ ਇਸ ਅਰਬਾਂ ਖਰਬਾਂ ਦੀ ਗਿਣਤੀ ਦੇ ਲੋਕਾਂ ਵਿਚੋਂ ਕੋਈ ਵੀ ਕਿਸੇ ਨਾਲ ਰਲਦਾ ਨਹੀਂ ਹੈ।

**ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥**

ਚੁਰਾਸੀ ਲੱਖ ਜੂਨੀਆਂ ਵੀ ਉਸੇ ਹੀ ਮਾਲਿਕ ਦੀਆਂ ਪੈਦਾ ਕੀਤੀਆਂ ਹੋਈਆਂ ਹਨ। ਹਜ਼ੂਰ ! ਸਾਰੀਆਂ ਜੂਨੀਆਂ ਵਿੱਚ ਤੁਸੀਂ ਆਪ ਬਿਰਾਜਮਾਨ ਹੋ।

**ਏਕੁ ਪੁਰਬੁ ਮੈ ਤੇਰਾ ਦੇਖਿਆ**

**ਤੂ ਸਭਨਾ ਮਾਹਿ ਰਵੰਤਾ॥ ੩॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਇੱਕ ਗੱਲ ਮੈਂ ਹੋਰ ਦੇਖੀ ਹੈ ਕਿ ਸਾਰੀਆਂ ਚੁਰਾਸੀ ਲੱਖ ਜੂਨੀਆਂ ਵਿੱਚ ਤੁਸੀਂ ਵਿਆਪਕ ਹੋ, ਹਾਜਰ ਨਾਜਰ ਹੋ।

**ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ**

**ਮੈ ਮੂਰਖ ਕਿਛੁ ਦੀਜੈ॥**

ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਉਸ ਤਾਕਤ ਨੂੰ ਸੰਬੋਧਨ ਕਰਕੇ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ ! ਤੁਹਾਡੇ ਬਹੁਤ ਗੁਣ ਹਨ ਮੈਂ ਤਾਂ ਇੱਕ ਦਾ ਵੀ ਵਖਿਆਨ ਨਹੀਂ ਕਰ ਸਕਦਾ। ਮੈਂ ਸ਼ੁਦਾਈ ਅਤੇ ਮੂਰਖ ਹਾਂ ਪਰ ਮੇਰੀਆਂ ਬੇਨਤੀਆਂ, ਜੋਦੜੀਆਂ, ਅਰਦਾਸਾਂ ਕਬੂਲ ਕਰਿਓ।

**ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ**

**ਡੁਬਦਾ ਪਥਰ ਲੀਜੈ॥ ੪॥ ੪॥**

ਸੱਚੇ ਪਾਤਿਸ਼ਾਹੋ ! ਮੈਂ ਇੱਕ ਪੱਥਰ ਸਮਾਨ ਹਾਂ ਜੋ ਤਰ ਨਹੀਂ ਸਕਦਾ। ਪਰ ਜੇਕਰ ਤੁਹਾਡੀ ਕਿਰਪਾ ਹੋਵੇ ਤਾਂ ਪੱਥਰ ਵੀ ਤਰਨ ਲੱਗ ਪੈਂਦੇ ਹਨ। ਜਦੋਂ ਸ੍ਰੀ ਰਾਮ ਚੰਦਰ ਜੀ ਨੇ ਲੰਕਾ 'ਤੇ ਚੜ੍ਹਾਈ ਕੀਤੀ ਸੀ ਉਦੋਂ ਜਿਸ ਪੱਥਰ ਉੱਪਰ ਰਾਮ ਲਿਖ ਦਿੱਤਾ ਜਾਂਦਾ ਸੀ ਉਹ ਤਰਨ ਲੱਗ ਜਾਂਦਾ ਸੀ। ਇਸ ਕਰਕੇ ਹਜ਼ੂਰ ਕਿਰਪਾ ਕਰਕੇ ਮੇਰੀ ਆਤਮਾ ਉੱਪਰ ਵੀ ਰਾਮ ਦਾ ਨਾਮ ਦਰਜ ਕਰ ਦਿਓ ਤਾਂਕਿ ਇਹ ਪੱਥਰ ਰੂਪੀ ਆਤਮਾ ਵੀ ਪਾਰ ਉਤਾਰਾ ਕਰ ਜਾਵੇ।

# ਸਤਿਸੰਗ

**॥ ਗਉੜੀ ਮਹਲਾ ੧॥** (ਅੰਗ 224)

**ਐਸੋ ਦਾਸੁ ਮਿਲੈ ਸੁਖੁ ਹੋਈ॥**

**ਦੁਖੁ ਵਿਸਰੈ ਪਾਵੈ ਸਚੁ ਸੋਈ॥ ੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਜੀਵ ਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ ! ਮੇਰਾ ਕੋਈ ਕਰਮ ਜਾਂ ਬੁੱਧੀ ਜਾਂ ਅਕਲ ਨਹੀਂ ਹੈ ਕਿ ਮੈਂ ਤੁਹਾਨੂੰ ਮਿਲ ਸਕਾਂ ਪਰ ਤੁਸੀਂ ਮੈਨੂੰ ਆਪਣਾ ਕੋਈ ਦਾਸ ਮਿਲਾ ਦਿਓ। ਐਸਾ ਗੁਰੂ ਪਿਆਰਾ ਮਿਲਾਵੋ ਜਿਹੜਾ ਤੁਹਾਡੇ ਨਾਲ ਜੁੜਿਆ ਹੋਇਆ ਹੈ। ਜਿਸ ਦੇ ਮਿਲਾਪ ਸਦਕਾ ਮੇਰੇ ਮਨ ਨੂੰ ਸੁਖ ਸ਼ਾਂਤੀ ਮਿਲੇ ਅਤੇ ਮੇਰੇ ਦੁਖ ਨਵਿਰਤ ਹੋ ਜਾਣ। ਕਿਉਂਕਿ

*ਭੁਖੇ ਭਜਨ ਨ ਹੋਇ ਗੋਪਾਲਾ॥*

*ਆਹ ਫੜ ਕੰਠੀ ਆਹ ਫੜ ਮਾਲਾ॥*

ਤਥਾ

*ਰੋਗੀ ਕਾ ਪ੍ਰਭ ਖੰਡਹੁ ਰੋਗੁ॥ (ਅੰਗ 1146)*

ਰੋਗੀ ਅਰਥਾਤ ਬਿਮਾਰ ਬੰਦੇ ਕੋਲੋ ਅਤੇ ਭੁੱਖੇ ਬੰਦੇ ਕੋਲੋਂ ਵੀ ਪਾਠ ਨਹੀਂ ਹੁੰਦਾ। ਇਸ ਕਰਕੇ ਹਜ਼ੂਰ ਮੈਨੂੰ ਐਸਾ ਆਪਣਾ ਦਾਸ ਮਿਲਾਵੋ ਜਿਸ ਨੂੰ ਮਿਲਣ ਸਦਕਾ ਮੇਰੇ ਦੁੱਖ ਨਵਿਰਤ ਹੋ ਕੇ ਸੁਖਾਂ ਦੀ ਪ੍ਰਾਪਤੀ ਹੋਵੇ।

**ਦਰਸਨੁ ਦੇਖਿ ਭਈ ਮਤਿ ਪੂਰੀ॥**

**ਅਠਸਠਿ ਮਜਨੁ ਚਰਨਹ ਧੂਰੀ॥ ੧॥ ਰਹਾਉ॥**

ਕਈ ਵਾਰ ਜੀਵ ਦੀ ਬੁੱਧ ਭ੍ਰਿਸ਼ਟ ਹੋ ਜਾਂਦੀ ਹੈ ਉਹ ਗੱਲ ਕੋਈ ਕਰਨੀ ਚਾਹੁੰਦਾ ਹੈ ਅਤੇ ਮੂੰਹੋਂ ਕੁਝ ਹੋਰ ਨਿਕਲ ਜਾਂਦੀ ਹੈ। ਉਸ ਦਾ ਕਹਿਣ ਦਾ ਮਕਸਦ ਹੋਰ ਹੁੰਦਾ ਹੈ ਅਤੇ ਸਮਝ ਹੋਰ ਲਿਆ ਜਾਂਦਾ ਹੈ। ਜਿਸ ਤਰ੍ਹਾਂ ਕੁੰਭਕਰਨ ਨੇ ਇੰਦ੍ਰਾਸਣ ਦੀ ਜਗ੍ਹਾ ਨਿੰਦ੍ਰਾਸਣ ਮੰਗ ਲਿਆ ਸੀ। ਹਜ਼ੂਰ ! ਮੈਂ ਕਮਲਾ ਹਾਂ, ਮੈਨੂੰ ਕੋਈ ਸੋਝੀ ਨਹੀਂ ਹੈ ਇਸ ਕਰਕੇ ਮੈਨੂੰ ਆਪਣੇ ਦਰਸ਼ਨ ਬਖਸ਼ੋ ਜਿਹਨਾਂ ਸਦਕਾ ਮੇਰੀ ਮੱਤ ਸਹੀ ਕੰਮ ਕਰੇ। ਹਜ਼ੂਰ ! ਮੈਂ ਦੰਦਾਂ ਨੂੰ ਸਾਫ਼ ਕਰਨ ਲਈ ਜਿਹੜੇ ਮਰਜੀ ਮੰਜਨ ਵਰਤ ਲਵਾਂ, ਸਰੀਰ ਨੂੰ ਸਾਫ਼ ਕਰਨ ਵਾਸਤੇ ਸਾਬਣ ਲਗਾ ਲਵਾਂ, ਜਾਂ ਅਠਾਹਠ ਤੀਰਥਾਂ 'ਤੇ ਜਾ ਕੇ ਇਸ਼ਨਾਨ ਵੀ ਕਰ ਲਵਾਂ ਪਰ ਜੋ ਮੇਰੀ ਮੱਤ ਤੁਹਾਡੇ

ਦਰਸ਼ਨਾਂ ਨਾਲ ਸਹੀ ਹੋਣੀ ਹੈ ਉਹ ਹੋਰ ਕਿਸੇ ਤਰੀਕੇ ਨਾਲ ਨਹੀਂ ਹੋ ਸਕਦੀ।

**ਨੇਤ੍ਰ ਸੰਤੋਖੇ ਏਕ ਲਿਵ ਤਾਰਾ॥**

ਸੱਚੇ ਪਾਤਿਸ਼ਾਹੋ! ਮੈਂ ਲਿਵ ਲਾ ਕੇ ਤੁਹਾਡੇ ਦਰਸ਼ਨ ਕਰਾਂ ਤਾਂਕਿ ਮੇਰੀਆਂ ਅੱਖਾਂ ਸਾਫ਼, ਸ਼ੁਧ ਅਤੇ ਨਿਰਮਲ ਹੋ ਜਾਣ ਅਤੇ ਰੂਪ ਕਰੂਪ ਵੱਲ ਨਾ ਜਾਣ।

**ਜਿਹਵਾ ਸੂਚੀ ਹਰਿ ਰਸ ਸਾਰਾ॥ ੨॥**

ਸੱਚੇ ਪਾਤਿਸ਼ਾਹੋ!

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥*

*(ਅੰਗ 811)*

ਹਜ਼ੂਰ ਮੇਰੇ ਕੋਲੋਂ ਸਿਮਰਨ ਕਰਵਾ ਲਵੋ ਤਾਂਕਿ ਮੇਰੀ ਜ਼ੁਬਾਨ ਸੁੱਚੀ ਹੋ ਜਾਵੇ ਅਤੇ ਮੈਂ ਚੰਗੀਆਂ ਗੱਲਾਂ ਕਰਾਂ। ਮੇਰੇ ਉੱਪਰ ਇਹ ਬਖਸ਼ਿਸ਼ ਕਰੋ ਕਿ ਮੈਂ ਕਿਸੇ ਦਾ ਹਿਰਦਾ ਨਾ ਦੁਖਾਵਾਂ।

**ਸਚੁ ਕਰਣੀ ਅਭ ਅੰਤਰਿ ਸੇਵਾ॥**

ਹਜ਼ੂਰ! ਮੈਂ ਜੋ ਵੀ ਕੰਮ ਕਰਾਂ ਸੱਚੇ ਦਿਲੋਂ ਕਰਾਂ ਅਤੇ ਤੁਸੀਂ ਮੇਰੀ ਉਹ ਸੇਵਾ ਬਾਹਰਮੁਖ ਵੀ ਅਤੇ ਅੰਤਰਮੁੱਖ ਵੀ ਕਬੂਲ ਕਰ ਲਵੋ।

**ਮਨੁ ਤ੍ਰਿਪਤਾਸਿਆ ਅਲਖ ਅਭੇਵਾ॥ ੩॥**

ਮੇਰੇ ਮਨ ਨੂੰ ਸ਼ਾਂਤੀ ਆ ਜਾਵੇ ਕਿ ਮੇਰੇ ਹਜ਼ੂਰ ਕਿਰਪਾ ਕਰਕੇ ਮੈਨੂੰ ਸਭ ਕੁਝ ਬਖਸ਼ਣਗੇ।

**ਜਹ ਜਹ ਦੇਖਉ ਤਹ ਤਹ ਸਾਚਾ॥**

ਸੱਚੇ ਪਾਤਿਸ਼ਾਹੋ! ਮੈਂ ਜਿਧਰ ਵੀ ਦੇਖਾਂ ਮੈਨੂੰ ਤੁਸੀਂ ਹੀ ਨਜਰ ਆਓ। ਮੈਨੂੰ ਇੰਝ ਲੱਗੇ ਕਿ ਸੱਚੀ ਤਾਕਤ ਚੋਵੀ ਘੰਟੇ ਮੇਰੇ ਨਾਲ ਹੈ।

**ਬਿਨੁ ਬੂਝੇ ਝਗਰਤ ਜਗੁ ਕਾਚਾ॥ ੪॥**

ਜਦੋਂ ਤੱਕ ਸਾਨੂੰ ਇਹ ਸੋਝੀ ਨਹੀਂ ਆਵੇਗੀ ਉਦੋਂ ਤੱਕ ਅਸੀਂ ਲੋਕਾਂ ਨਾਲ ਝਗੜੀ ਜਾਵਾਂਗੇ ਅਤੇ ਵਾਦ-ਵਿਵਾਦ ਖੜਾ ਕਰੀ ਜਾਵਾਂਗੇ।

**ਗੁਰੁ ਸਮਝਾਵੈ ਸੋਝੀ ਹੋਈ॥**

ਮਾਲਿਕ ਹੀ ਕਿਰਪਾ ਕਰਕੇ ਸਾਨੂੰ ਆਪ ਸਮਝਾ ਕੇ ਸੋਝੀ ਬਖਸ਼ ਦੇਣ।

**ਗੁਰਮੁਖਿ ਵਿਰਲਾ ਬੂਝੈ ਕੋਈ॥ ੫॥**

ਸਿਰਫ਼ ਗੁਰਮੁਖ ਹੀ ਇਸ ਚੀਜ ਦਾ ਭੇਦ ਜਾਣ ਸਕਦੇ ਹਨ।

**ਕਰਿ ਕਿਰਪਾ ਰਾਖਹੁ ਰਖਵਾਲੇ॥**

ਸੱਚੇ ਪਾਤਿਸ਼ਾਹੋ! ਤੁਸੀਂ ਰੱਖਣਹਾਰ ਹੋ। ਕਿਰਪਾ ਕਰਕੇ ਮੇਰੀ ਰਾਖੀ ਕਰੋ।

**ਬਿਨੁ ਬੂਝੇ ਪਸੂ ਭਏ ਬੇਤਾਲੇ॥ ੬॥**

ਹਜ਼ੂਰ! ਸੋਝੀ ਤੋਂ ਬਗੈਰ ਅਸੀਂ ਪਸੂ ਬਿਰਤੀ ਸਮਾਨ ਹਾਂ ਅਤੇ ਬੇਤਾਲੇ ਹੀ ਤੁਰੇ ਫਿਰਦੇ ਹਾਂ।

*ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥*

*(ਅੰਗ 464)*

**ਗੁਰਿ ਕਹਿਆ ਅਵਰੁ ਨਹੀ ਦੂਜਾ॥**

ਹਜ਼ੂਰ! ਮੈਨੂੰ ਇਹ ਪਤਾ ਲੱਗ ਜਾਵੇ ਕਿ ਮੇਰੇ ਸਤਿਗੁਰ ਨੇ ਮੈਨੂੰ ਜੋ ਵੀ ਕਿਹਾ ਹੈ ਉਹ ਮੇਰੀ ਭਲਾਈ ਵਾਸਤੇ ਕਿਹਾ ਹੈ। ਇਸ ਤੋਂ ਚੰਗੀ ਹੋਰ ਕੋਈ ਚੀਜ ਨਹੀਂ ਹੈ।

**ਕਿਸੁ ਕਹੁ ਦੇਖਿ ਕਰਉ ਅਨ ਪੂਜਾ॥ ੭॥**

ਸੱਚੇ ਪਾਤਿਸ਼ਾਹੋ! ਮੈਂ ਹੋਰ ਕਿਸੇ ਦੀ ਵੀ ਪੂਜਾ ਨਾ ਕਰਾਂ ਅਤੇ ਤੁਹਾਡੇ ਬਚਨਾਂ ਨੂੰ ਸਿਰ ਮੱਥੇ ਮੰਨਾਂ।

**ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥**

ਦੁਨੀਆਂ ਵਿੱਚ ਉਹ ਤਾਕਤ ਸੰਤਾਂ ਵੱਲੋਂ ਬੇਨਤੀ ਅਤੇ ਅਰਦਾਸ ਕਰਨ ਤੇ ਹੀ ਆਉਂਦੀ ਹੈ।

**ਆਤਮੁ ਚੀਨੈ ਸੁ ਤਤੁ ਬੀਚਾਰੇ॥ ੮॥**

ਜਿਹੜਾ ਜੀਵ ਆਪਣੀ ਆਤਮਾ ਦਾ ਭੇਦ ਜਾਣ ਲੈਂਦਾ ਹੈ ਉਸ ਨੂੰ ਸਭ ਕੁਝ ਦਾ ਪਤਾ ਲੱਗ ਜਾਂਦਾ ਹੈ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

*(ਅੰਗ 441)*

ਸਾਰੇ ਤੱਤਾਂ ਦਾ ਉਸੇ ਨੂੰ ਹੀ ਪਤਾ ਲੱਗਦਾ ਹੈ।

**ਸਾਚੁ ਰਿਦੈ ਸਚੁ ਪ੍ਰੇਮ ਨਿਵਾਸ॥**

ਅਗਰ ਜੀਵ ਦੇ ਅੰਦਰ ਸੱਚ ਹੋਵੇ ਤਾਂ ਮਾਲਿਕ ਉਸ ਸੱਚ ਸਦਕਾ ਹੀ ਜੀਵ ਦੀ ਦੇਹ ਦੇ ਅੰਦਰ ਨਿਵਾਸ ਕਰਦੇ ਹਨ।

**ਪ੍ਰਣਵਤਿ ਨਾਨਕ ਹਮ ਤਾ ਕੇ ਦਾਸ॥ ੯॥ ੮॥**

ਹਜ਼ੂਰ ਫੁਰਮਾਉਂਦੇ ਹਨ ਕਿ ਜਿਹੜਾ ਬੰਦਾ ਇਸ ਲਾਈਨ 'ਤੇ ਇਸ ਰਸਤੇ ਤੇ ਚੱਲਦਾ ਹੈ ਅਸੀਂ ਉਸ ਦੇ ਦਾਸ ਹਾਂ।

*ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ॥*
*ਸਗਲ ਗੁਣਾ ਗੁਣ ਉਤਮੋ ਭਰਤਾ ਦੂਰਿ ਨ ਪਿਖੁ ਰੀ॥੧॥*

*(ਅੰਗ 400)*

ਕਿਤੇ ਲਿਖਿਆ ਹੈ ਕਿ

*ਦਾਸਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ॥*

ਜੋ ਜੀਵ ਗੁਰੂ ਦੇ ਦਾਸ ਹੋ ਜਾਂਦੇ ਹਨ ਅਗਰ ਤੁਸੀਂ ਉਹਨਾਂ ਦੇ ਦਾਸਾਂ ਦੇ ਦਾਸ ਬਣ ਜਾਵੋ ਤਾਂ ਇਸ ਤੋਂ ਵੱਡੀ ਹੋਰ ਕੋਈ ਬਖਸ਼ਿਸ਼ ਨਹੀਂ ਹੈ।

# ਸਤਿਸੰਗ ਸੰਗ੍ਰਾਂਦ ਮਹੀਨਾ ਜੇਠ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ (ਪੰਨਾ 1108)**
**ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥**

ਜੇਠ ਦਾ ਮਹੀਨਾ 15-5-2019 ਬੁੱਧਵਾਰ ਦਾ ਦਿਨ ਹਜ਼ੂਰ ਖ਼ੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*(ਅੰਗ 1395)*

ਸਾਨੂੰ ਸਿੱਖਿਆ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ ! ਜੇਠ ਦਾ ਮਹੀਨਾ ਬਹੁਤ ਹੀ ਭਲਾ, ਅੱਛਾ ਅਤੇ ਭਾਗਾਂ ਵਾਲਾ ਹੈ। ਪਰ ਅਸੀਂ ਇਸ ਮਹੀਨੇ ਦਾ ਲਾਭ ਨਹੀਂ ਉਠਾਉਂਦੇ ਅਤੇ ਮਾਲਿਕ ਨੂੰ ਵਿਸਾਰ ਦਿੰਦੇ ਹਾਂ।

**ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥**

ਇਸ ਸਾਲ ਤਾਂ ਠੰਢ ਹਟ ਨਹੀਂ ਰਹੀ ਹੈ ਪਰ ਜਦੋਂ ਗੁਰਬਾਣੀ ਦੀ ਰਚਨਾ ਹੋਈ ਸੀ ਉਸ ਸਮੇਂ ਬਾਰਿਸ਼ਾਂ ਹਾੜ ਮਹੀਨੇ ਤੋਂ ਬਾਅਦ ਸਾਵਣ ਮਹੀਨੇ ਵਿੱਚ ਹੋਇਆ ਕਰਦੀਆਂ ਸਨ। ਇਸ ਮਹੀਨੇ ਵਿੱਚ ਗਰਮੀ ਬਹੁਤ ਹੁੰਦੀ ਸੀ ਜਿਸ ਕਾਰਣ ਪੈਰ ਤਪਦੇ ਸਨ। ਕੋਈ ਸਾਧਨ ਨਹੀਂ ਹੁੰਦੇ ਸਨ। ਇਥੋਂ ਤੱਕ ਕਿ ਪੈਰਾਂ ਵਿੱਚ ਪਾਉਣ ਲਈ ਜੁੱਤੀਆਂ ਵੀ ਨਹੀਂ ਹੁੰਦੀਆਂ ਸਨ।

ਸਾਡੇ ਸਮੇਂ ਵੀ ਅਸੀਂ ਜਦੋਂ ਪੁਲੀਸ ਵਿੱਚ ਭਰਤੀ ਹੋਏ ਸੀ ਉਦੋਂ ਸਿਪਾਹੀ ਦੀ 55 ਰੁਪਏ ਤਨਖਾਹ ਹੁੰਦੀ ਸੀ। ਉਦੋਂ ਕਰੋੜਾਂ ਅਰਬਾਂ ਹੈ ਹੀ ਨਹੀਂ ਸਨ। ਕੋਈ ਟੈਕਸ ਨਹੀਂ ਸੀ, ਬਿਜਨੈੱਸ ਨਹੀਂ ਸੀ, ਖੇਤੀ ਦੇ ਸਾਧਨ ਨਹੀਂ ਸਨ। ਅੱਜ ਜੋ ਮੱਕੀ ਚੰਗੀ ਤਰ੍ਹਾਂ ਬੀਜੀ ਜਾਂਦੀ ਹੈ ਉਸ ਦੀ ਉਪਜ ਚਾਲੀ ਕੁਇੰਟਲ ਤੱਕ ਹੋ ਜਾਂਦੀ ਹੈ। ਪਰ ਉਦੋਂ ਇੱਕ ਕਿਲੇ ਦੀ ਅੱਠ ਮਣ ਕੱਚੀ ਅਰਥਾਤ ਤਿੰਨ ਕੁਇੰਟਲ ਮੱਕੀ ਨਿਕਲਦੀ ਸੀ। ਦੇਖੋ, ਉਪਜ ਦਾ ਹੀ ਕਿੰਨਾ ਫਰਕ ਪੈ ਗਿਆ ਹੈ। ਉਦੋਂ ਪ੍ਰਦੂਸ਼ਨ ਵੀ ਨਹੀਂ ਸੀ। ਫੇਰ ਜਦੋਂ ਇੰਡਸਟਰੀਆਂ ਆਈਆਂ ਨਾਲ ਹੀ ਪਾਣੀ ਵੀ ਪ੍ਰਦੂਸ਼ਿਤ ਹੋ ਗਿਆ। ਸਾਡੇ ਦੇਸ਼ ਵਿਚ ਇੱਥੇ ਜਮੀਨਾਂ ਨੂੰ ਵਾਹ ਵਾਹ ਕੇ ਪੱਧਰਾ ਕਰ ਦਿੱਤਾ ਗਿਆ ਹੈ। ਜਿਸ ਕਾਰਨ ਪਹਾੜਾਂ ਉੱਪਰੋਂ ਆਉਣ ਵਾਲੇ ਪਾਣੀ ਨੂੰ ਰੋਕ ਲੱਗ ਗਈ ਹੈ। ਇਸੇ ਕਰਕੇ ਹੜ੍ਹ ਆਉਂਦੇ ਹਨ। ਪਰ ਵਿਦੇਸ਼ਾਂ ਵਿੱਚ ਉੱਚੀ ਨੀਵੀਂ ਜਗ੍ਹਾ ਨੂੰ ਹੀ ਵਰਤੋਂ ਵਿੱਚ ਲਿਆਇਆ ਜਾਂਦਾ ਹੈ। ਉਥੇ ਲੋਕ ਜਗ੍ਹਾ ਨੂੰ ਪੱਧਰਾ ਨਹੀਂ ਕਰ ਸਕਦੇ। ਸੋਈ ਸਾਨੂੰ ਪ੍ਰਦੂਸ਼ਣ ਨੂੰ ਘਟਾਉਣ ਵਾਸਤੇ ਉਦੋਂ ਤੋਂ ਹੀ ਨਾਲ ਦੀ ਨਾਲ ਪ੍ਰਬੰਧ ਕਰਨੇ ਚਾਹੀਦੇ ਸਨ।

**ਧਨ ਬਿਨਉ ਕਰੇਦੀ ਗੁਣ ਸਾਰੇਦੀ**
**ਗੁਣ ਸਾਰੀ ਪ੍ਰਭ ਭਾਵਾ ॥**

ਅੱਜ ਕੱਲ ਤਾਂ ਏ.ਸੀ. ਲੱਗੇ ਹੋਏ ਹਨ ਪਰ ਪਹਿਲੇ ਸਮੇਂ ਵਿੱਚ ਜਦੋਂ ਤੇਜ ਧੁੱਪ ਪੈਂਦੀ ਸੀ ਧਰਤੀ ਤਪਦੀ ਸੀ ਅਤੇ ਪੈਰ ਸੜਦੇ ਸਨ। ਤਦ ਜੀਵ ਬੇਨਤੀਆਂ ਕਰਿਆ ਕਰਦੇ ਸਨ ਕਿ ਸੱਚੇ ਪਾਤਿਸ਼ਾਹੋ ! ਬਾਰਿਸ਼ ਪਾਵੋ। ਕਿਉਂਕਿ ਤਕਲੀਫ਼ ਵਿੱਚ ਹੀ ਰੱਬ ਚੇਤੇ ਆਉਂਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਇਹ ਮਹੀਨਾ ਚਾਹੇ ਤਪਸ਼ ਵਾਲਾ ਹੈ ਪਰ ਆਤਮਾ ਇਸ ਮਹੀਨੇ ਵਿੱਚ ਪਪੀਹੇ ਵਾਂਗ ਪੁਕਾਰ ਕਰਦੀ ਹੈ। ਜਦੋਂ ਆਤਮਾ ਪੁਕਾਰ ਕਰਦੀ ਹੈ ਉਦੋਂ ਉਹ ਸਮਾਂ ਭਾਗਾਂ ਵਾਲਾ ਹੁੰਦਾ ਹੈ।

**ਸਾਚੇ ਮਹਲਿ ਰਹੈ ਬੈਰਾਗੀ**
**ਆਵਣ ਦੇਹਿ ਤ ਆਵਾ ॥**

ਜਿੰਨੀ ਵੀ ਸੰਗਤ ਗੁਰਬਾਣੀ ਦਾ ਜਾਪ ਕਰਦੀ ਹੈ ਉਹ ਇੱਥੇ ਆਉਂਦੀ ਹੈ ਜਾਂ ਨਹੀਂ ਆਉਂਦੀ ਜਿੱਥੇ ਕਿਤੇ ਵੀ ਜਾਪ ਕਰਦੀ ਹੈ ਉਹਨਾਂ ਨੂੰ ਮਾਲਿਕ ਖੁਸ਼ੀਆਂ, ਖੇੜੇ, ਸੋਹਣੇ ਸੋਹਣੇ ਕਾਰੋਬਾਰ ਬਖਸ਼ਣ। ਉਹਨਾਂ ਦੀ ਫਸਲ ਵਾੜੀ ਵਧੀਆ ਹੋਵੇ ਤਾਂਕਿ ਉਹਨਾਂ ਨੂੰ ਖੁਦਕਸ਼ੀਆਂ ਕਰਨ ਵਾਸਤੇ ਮਜਬੂਰ ਨਾ ਹੋਣਾ ਪਵੇ। ਦਰਅਸਲ ਖੁਦਕੁਸ਼ੀਆਂ ਦਾ ਕਾਰਨ ਸਾਡੇ ਪਰਿਵਾਰਾਂ ਦੀਆਂ ਰੀਤਾਂ ਹਨ। ਇਸ ਨੱਕ ਦੀ ਖਾਤਰ ਬੱਚਿਆਂ ਦੇ ਵਿਆਹਾਂ ਤੇ ਕਰਜੇ ਚੁੱਕ ਲੈਂਦੇ ਹਨ ਜੋ ਬਾਅਦ ਵਿੱਚ ਉਤਾਰੇ ਨਹੀਂ ਜਾਂਦੇ। ਇਸੇ ਕਰਕੇ ਅਸੀਂ ਸਾਰਿਆਂ ਨੂੰ ਕਹਿੰਦੇ ਹਾਂ ਕਿ ਸਾਦੇ ਢੰਗ ਨਾਲ ਵਿਆਹ ਸ਼ਾਦੀਆਂ ਕਰੋ। ਅਸੀਂ ਚੰਡੀਗੜ੍ਹ ਵਿਖੇ ਸਰਵਿਸ ਕਰਦਿਆਂ ਪੋਹ-ਮਾਘ ਦੀ ਠੰਢ ਵਿੱਚ ਜਦੋਂ ਠੰਢੇ ਪਾਣੀ ਨਾਲ ਨਹਾਉਣਾ ਤਾਂ ਮੂੰਹੋਂ ਧੱਕੇ ਨਾਲ ਸਤਿਨਾਮ ਸਤਿਨਾਮ, ਸਤਿਨਾਮ-ਸਤਿਨਾਮ-ਵਾਹਿਗੁਰੂ ਨਿਕਲਣਾ। ਇਸੇ ਤਰ੍ਹਾਂ ਗਰਮੀ ਲੱਗਣ ਤੇ ਵੀ ਜੀਵ ਮਾਲਿਕ ਨੂੰ ਚੇਤੇ ਕਰਦਾ ਹੈ। ਸੋਈ ਗਰਮੀ ਲੱਗੇ ਜਾਂ ਠੰਢ ਲੱਗੇ ਰੱਬ ਤਾਂ ਚੇਤੇ ਆਉਂਦਾ ਹੀ ਹੈ ਇਸ ਕਰਕੇ ਇਹ ਮਹੀਨਾ ਬਹੁਤ ਭਾਗਾਂ ਵਾਲਾ ਹੈ।

**ਨਿਮਾਣੀ ਨਿਤਾਣੀ ਹਰਿ ਬਿਨੁ**
**ਕਿਉ ਪਾਵੈ ਸੁਖ ਮਹਲੀ ॥**

ਜੋ ਗਰੀਬ ਹੈ ਉਸ ਨੂੰ ਵੱਡੇ ਮਹੱਲ ਮਿਲਣੇ ਨਹੀਂ ਹਨ ਅਤੇ ਛੋਟੇ ਘਰ ਵਿੱਚ ਉਹ ਰਹਿਣਾ ਪਸੰਦ ਨਾ ਕਰੇ ਤਦ ਉਹ ਸੁਖ ਦੀ ਪ੍ਰਾਪਤੀ ਨਹੀਂ ਕਰ ਸਕਦਾ। ਸੁਖ ਸੰਤੁਸ਼ਟੀ ਵਿੱਚ ਹੀ ਹੈ।

ਅੱਜ ਅਸੀਂ ਇੱਕ ਕਹਾਣੀ ਪੜ੍ਹੀ ਕਿ ਇੱਕ ਕਾਂ ਸੋਚਣ ਲੱਗਾ ਕਿ ਮੇਰਾ ਰੰਗ ਕਾਲਾ ਹੈ ਅਤੇ ਮੈਂ ਕਾਂ-ਕਾਂ ਕਰਕੇ ਬੋਲਦਾ ਹਾਂ ਅਤੇ ਲੋਕ ਕਹਿੰਦੇ ਹਨ ਕੀ ਕਾਵਾਂ ਰੌਲੀ ਪਾਈ ਹੈ। ਉਸ ਨੇ ਇੱਕ ਬਤਖ ਦੇਖੀ ਜੋ ਕਿ ਬਹੁਤ ਚਿੱਟੀ ਸੀ ਅਤੇ ਪਾਣੀ ਵਿੱਚ ਤੈਰ ਰਹੀ ਸੀ। ਉਸ ਨੇ ਸੋਚਿਆ ਕਿ ਬਤਖ ਕਿੰਨੀ ਸੋਹਣੀ ਹੈ? ਮੈਂ ਇਸ ਨੂੰ ਜਾ ਕੇ ਪੁੱਛਦਾ ਹਾਂ।

ਜਦੋਂ ਕਾਂ ਨੇ ਉਸ ਦੇ ਨਾਲ ਗੱਲਬਾਤ ਕੀਤੀ ਤਾਂ ਉਹ ਕਹਿਣ ਲੱਗੀ ਕਿ ਮੈਂ ਆਪਣੇ ਆਪ ਨੂੰ ਬਹੁਤ ਖੁਸ਼ ਕਿਸਮਤ ਸਮਝਦੀ ਸੀ। ਪਰ ਮੈਂ ਇੱਕ ਦਿਨ ਤੋਤਾ ਦੇਖਿਆ ਉਸ ਦਾ ਹਰਾ ਰੰਗ ਸੀ ਅਤੇ ਲਾਲ ਚੁੰਜ ਸੀ। ਉਸ ਤੋਤੇ ਨੂੰ ਦੇਖ ਕੇ ਮੇਰਾ ਮਾਣ ਟੁੱਟ ਗਿਆ ਹੈ ਕਿ ਤੋਤਾ ਤਾਂ ਮੇਰੇ ਤੋਂ ਵੀ ਸੋਹਣਾ ਹੈ। ਜਦੋਂ ਕਾਂ ਨੇ ਤੋਤੇ ਨੂੰ ਕਿਹਾ ਕਿ ਤੂੰ ਬਹੁਤ ਸੋਹਣਾ ਏਂ ਅਤੇ ਰਾਮ ਰਾਮ ਵੀ ਕਰਦਾ ਏਂ। ਤੋਤਾ ਕਹਿਣ ਲੱਗਾ ਕਿ ਮੇਰੇ ਤਾਂ ਇੱਕ ਦੋ ਰੰਗ ਹੀ ਹਨ। ਤੂੰ ਮੋਰ ਨੂੰ ਦੇਖੀਂ ਜਦੋਂ ਉਹ ਖੰਭ ਖਿਲਾਰਦਾ ਹੈ ਅਰਥਾਤ ਪੈਲ ਪਾਉਂਦਾ ਹੈ ਤਾਂ ਕਿੰਨਾ ਸੋਹਣਾ ਲੱਗਦਾ ਹੈ। ਜਦੋਂ ਕਾਂ ਮੋਰ ਕੋਲ ਗਿਆ ਤਾਂ ਉਹ ਚਿੜੀਆ ਘਰ ਵਿੱਚ ਬੰਦ ਸੀ ਉਹ ਪੈਲ ਪਾ ਰਿਹਾ ਸੀ ਅਤੇ ਉਥੇ ਖੜੇ ਲੋਕ ਉਸ ਨੂੰ ਦੇਖ ਰਹੇ ਸਨ। ਕਾਂ ਨੇ ਮੋਰ ਨੂੰ ਕਿਹਾ ਤੂੰ ਬਹੁਤ ਭਾਗਾਂ ਵਾਲਾ ਏਂ। ਪਰ ਮੋਰ ਕਹਿਣ ਲੱਗਾ ਮੈਨੂੰ ਤਾਂ ਇਹਨਾਂ ਨੇ ਪਿੰਜਰੇ ਵਿੱਚ ਕੈਦ ਕੀਤਾ ਹੋਇਆ ਹੈ। ਸਭ ਤੋਂ ਜਿਆਦਾ ਭਾਗਾਂ ਵਾਲਾ ਤੂੰ ਕਾਂ ਏਂ। ਜੋ ਅਜਾਦ ਹੈਂ ਅਤੇ ਤੈਨੂੰ ਕਿਸੇ ਨੇ ਪਿੰਜਰੇ ਵਿੱਚ ਨਹੀਂ ਪਾਇਆ ਹੋਇਆ। ਆਪਾਂ ਸਾਰੇ ਵੀ ਚਿੜੀਆ ਘਰਾਂ ਵਿੱਚ ਗਏ ਹਾਂ ਪਰ ਕਦੇ ਕਿਸੇ ਨੇ ਉੱਥੇ ਕਾਂ ਨੂੰ ਪਿੰਜਰੇ ਵਿੱਚ ਪਾਇਆ ਹੋਇਆ ਨਹੀਂ ਦੇਖਿਆ। ਇੰਝ ਉਹ ਅੱਗੇ ਤੋਂ ਅੱਗੇ ਪੰਛੀਆਂ ਕੋਲ ਗਿਆ। ਕੋਈ ਵੀ ਪੰਛੀ ਸੰਤੁਸ਼ਟ ਨਹੀਂ ਸੀ। ਇਸੇ ਤਰ੍ਹਾਂ ਅਸੀਂ ਜੀਵ ਵੀ ਸੰਤੁਸ਼ਟ ਨਹੀਂ ਹੁੰਦੇ। ਚਾਹੇ ਕੋਈ ਸੋਹਣਾ ਹੈ, ਅਮੀਰ ਹੈ ਜਾਂ ਗਰੀਬ ਹੈ ਜਾਂ ਕਿਸੇ ਨੂੰ ਮਾਲਿਕ ਨੇ ਬਹੁਤ ਧਨ ਦੌਲਤ ਦਿੱਤਾ ਹੈ ਉਸ ਦੀ ਵੀ ਹਵਸ ਪੂਰੀ ਨਹੀਂ ਹੁੰਦੀ। ਸੋਈ ਸਾਡੀ ਸਭ ਦੀ ਇਹੋ ਹਾਲਤ ਹੈ ਕਿ ਅਸੀਂ ਸੰਤੁਸ਼ਟ ਨਹੀਂ ਹੁੰਦੇ। ਜੇਕਰ ਅਸੀਂ ਸੁਖ ਲੈਣਾ ਹੈ ਤਦ ਮਾਲਿਕ ਨੇ ਸਾਨੂੰ ਜੋ ਬਣਾਇਆ ਹੈ ਜਾਂ ਦੇ ਰਹੇ ਹਨ ਆਪਾਂ ਉਸ ਵਿੱਚ ਸੰਤੁਸ਼ਟ ਹੋਈਏ ਫੇਰ ਦੁੱਖ ਨਹੀਂ ਹੋਵੇਗਾ। ਹਜ਼ੂਰ ਕਿਰਪਾ ਕਰਕੇ ਸਾਨੂੰ ਗੁਰੂ ਘਰ ਦੇ ਮੰਗਤੇ ਬਣਾ ਕੇ ਰੱਖਣ। ਅਸੀਂ ਪੈਸੇ ਦੇ ਮੰਗਤੇ ਨਾ ਬਣੀਏ। ਹਜ਼ੂਰ ਪੈਸਾ ਵੀ ਦੇਣ ਪਰ ਸਾਨੂੰ ਨਾਮ ਦੇ ਮੰਗਤੇ ਬਣਾ ਲੈਣ। ਕਿਉਂਕਿ

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥*

*(ਅੰਗ 958)*

ਸਿਰਫ਼ ਗੁਰਬਾਣੀ ਦਾ ਸਿਮਰਨ ਕਰਨ ਨਾਲ ਹੀ ਮਨ ਦੀ ਭੁੱਖ ਮਿਟਦੀ ਹੈ।

**ਨਾਨਕ ਜੇਠਿ ਜਾਣੈ ਤਿਸੁ ਜੈਸੀ**
**ਕਰਮਿ ਮਿਲੈ ਗੁਣ ਗਹਿਲੀ॥ ੭॥**

ਆਪਾਂ ਸਭ ਦੇ ਮਨ ਵਿੱਚ ਹੁੰਦਾ ਹੈ ਕਿ ਵੱਡਾ ਬੰਦਾ ਬੜਾ ਚੰਗਾ ਹੈ। ਕੋਈ ਦੋ ਭਰਾ ਸਨ। ਉਹ ਕਿਸੇ ਦੇ ਘਰ ਸ਼ਗਨ ਪਾਉਣ ਗਏ। ਉਹਨਾਂ ਦਾ ਆਪਸ ਵਿੱਚ ਉਮਰ ਦਾ ਇੱਕ ਸਾਲ ਦਾ ਹੀ ਫਰਕ ਸੀ। ਉਹਨਾਂ ਕੋਲੋਂ ਸ਼ਗਨ ਵਾਲੇ ਘਰ ਕੋਈ ਗਲਤੀ ਹੋ ਗਈ। ਜਦੋਂ ਉਹ ਘਰ ਵਾਪਸ ਆਏ ਤਾਂ ਮਾਂ ਪਿਉ ਕਹਿਣ ਲੱਗੇ ਤੂੰ ਵੱਡਾ ਸੀ ਮੂਰਖਾ ਤੈਨੂੰ ਅਕਲ ਨਾ ਆਈ ਤੂੰ ਇਹ ਕੰਮ ਕਿਉਂ ਕੀਤਾ? ਉਹ ਕਹਿਣ ਲੱਗਾ ਵੱਡਾ ਹੋ ਕੇ ਮੈਂ ਕੀ ਪਾਪ ਕਰ ਲਿਆ ਹੈ। ਮੈਂ ਇਸ ਨਾਲੋਂ ਇੱਕ ਸਾਲ ਹੀ ਵੱਡਾ ਹਾਂ। ਮੈਨੂੰ ਤੁਸੀਂ ਬਾਅਦ ਵਿੱਚ ਪੈਦਾ ਕਰ ਲੈਣਾ ਸੀ। ਵੱਡੇ ਬੰਦੇ ਨੂੰ ਜੇਠ ਕਹਿੰਦੇ ਹਨ ਪਰ ਜਿੰਨਾ ਸਿਰ ਵੱਡਾ ਹੁੰਦਾ ਹੈ ਉਸ ਦੀ ਪੀੜ ਵੀ ਓਨੀ ਵੱਡੀ ਹੈ। ਤੁਸੀਂ ਸਾਡੇ ਬਾਰੇ ਇਹ ਨਾ ਸੋਚੋ ਕਿ ਬਾਬਾ ਜੀ-ਬਾਬਾ ਜੀ ਹੋ ਰਿਹਾ ਹੈ। ਲੋਕ ਸੁਆਮੀ ਜੀ -ਸੁਆਮੀ ਜੀ ਕਰਦੇ ਹਨ ਅਤੇ ਸਿਰ ਝੁਕਾਉਂਦੇ ਹਨ। ਸਾਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ ਅਤੇ ਅਸੀਂ ਹਜ਼ੂਰ ਅੱਗੇ ਬੇਨਤੀਆਂ ਕਰਦੇ ਰਹਿੰਦੇ ਹਾਂ ਕਿ ਸੱਚੇ ਪਾਤਿਸ਼ਾਹੋ! ਸੰਗਤ ਆਈ ਸੀ, ਫਰਿਆਦ ਕਰ ਰਹੀ ਸੀ ਸਭ ਦੀਆਂ ਸ਼ੁਭ ਭਾਵਨਾਵਾਂ ਪੂਰੀਆਂ ਕਰਿਓ। ਇਸ ਸੰਸਥਾ ਦੀ ਸੰਗਤ ਜੋ ਇਸ ਦੇਸ਼ ਵਿੱਚ ਜਾਂ ਵਿਦੇਸ਼ਾਂ ਵਿੱਚ ਹੈ ਸਭ ਦਾ ਆਪਸ ਵਿੱਚ ਇਤਿਫ਼ਾਕ ਅਤੇ ਏਕਤਾ ਹੈ। ਏਕਤਾ ਸਭ ਤੋਂ ਵੱਡਾ ਸ਼ਸ਼ਤਰ ਹੈ। ਅਗਰ ਏਕਤਾ ਹੈ ਤਦ ਐਸੀ ਤੈਸੀ ਕਿਸੇ ਸਰਕਾਰ ਦੀ ਕਿ ਉਸ ਏਕਤਾ ਦੇ ਅੱਗੇ ਟਿਕ ਸਕੇ। ਸਾਡਾ ਹਿੰਦੂਸਤਾਨ ਦੀ ਅਜਾਦੀ ਲੈਣ ਵੇਲੇ ਇਹ ਨਾਅਰਾ ਸੀ ਕਿ

*ਏਕਾ ਬੜਾ ਬਲਵਾਨ ਜੋ ਕਰਨਾ ਪੈਣਾ ਏ।*
*ਸ਼ੀਸ਼ਿਆਂ ਵਰਗੇ ਦਿਲ ਨੇ ਸਾਡੇ*
*ਪਾਪਾਂ ਦਾ ਕੋਈ ਦਾਗ਼ ਨਹੀਂ।*
*ਆ ਬੈਠੀ ਫਰਿਆਦ ਬੁੱਲ੍ਹਾਂ ਤੇ*
*ਜੋ ਖੁਸ਼ੀਆਂ ਦਾ ਰਾਗ ਨਹੀਂ।*
*ਜਿੰਦਗੀ ਨੇ ਹੁਣ ਮੌਤ ਤੋਂ ਸਜਣਾਂ*
*ਗਿਣ ਗਿਣ ਬਦਲਾ ਲੈਣਾ ਏ।*
*ਏਕਾ ਬੜਾ ਬਲਵਾਨ ਜੋ ਕਰਨਾ ਪੈਣਾ ਏ।*

ਅਗਰ ਅਸੀਂ ਏਕਾ ਕਰ ਲਵਾਂਗੇ ਫੇਰ ਉਸ ਏਕੇ ਅੱਗੇ ਕੋਈ ਨਹੀਂ ਟਿਕ ਸਕਦਾ। ਅਗਰ ਪਰਿਵਾਰ ਅਤੇ ਸਾਰੀ ਦੁਨੀਆਂ ਦੀ ਸੰਗਤ ਏਕੇ ਵਿੱਚ ਆ ਜਾਵੇ ਫੇਰ ਗੱਲ ਬਣਦੀ ਹੈ। ਅਗਰ ਕਿਸੇ ਸੰਸਥਾ ਵਿੱਚ ਏਕਾ ਹੋਵੇ ਤਦ ਸਾਰੇ ਆ ਕੇ ਕਹਿੰਦੇ ਹਨ ਕਿ ਸਾਨੂੰ ਹੁਕਮ ਲਾਵੋ।

*ਖੁਦ ਹੀ ਕੋ ਕਰ ਬੁਲੰਦ ਇਤਨਾ*
*ਕਿ ਹਰ ਤਕਦੀਰ ਸੇ ਪਹਿਲੇ।*
*ਖੁਦਾ ਬੰਦੇ ਸੇ ਖੁਦ ਪੂਛੇ*

*ਕਿ ਬਤਾ ਤੇਰੀ ਰਜ਼ਾ ਕਿਆ ਹੈ।*

ਰੱਬ ਵੀ ਆ ਕੇ ਪੁੱਛਦਾ ਹੈ ਕਿ ਦੱਸੋ ਕੀ ਕੰਮ ਕਰੀਏ? ਪਰ ਉਸ ਸੰਸਥਾ ਦੇ ਹੈੱਡ ਅਤੇ ਸੰਗਤ ਕੁਰੀਤੀਆਂ ਵਿੱਚ ਨਾ ਫਸਣ। ਅਗਰ ਸੰਗਤ ਸਹੀ ਰਸਤੇ 'ਤੇ ਹੈ ਅਤੇ ਆਪਸ ਵਿੱਚ ਏਕਤਾ ਹੈ ਫੇਰ ਉਸ ਸੰਸਥਾ ਨੂੰ ਕੋਈ ਦਬਾ ਜਾਂ ਖਤਮ ਨਹੀਂ ਕਰ ਸਕ ਸਕਦਾ। ਸੋਈ ਸਾਡੇ ਵਿੱਚ ਏਕਤਾ, ਇਤਿਫ਼ਾਕ, ਨਾਮ ਦੀ, ਸਿਮਰਨ ਦੀ ਦਾਤ ਹੋਵੇ ਫੇਰ ਕੋਈ ਕਮੀ ਨਹੀਂ ਆ ਸਕਦੀ। ਅਗਰ ਤੁਸੀਂ ਵੱਡੇ ਅਰਥਾਤ ਜੇਠ ਦੇ ਹੱਥ ਵਿੱਚ ਕੋਈ ਕਲਮ ਫੜਾ ਦੇਵੋਗੇ ਅਤੇ ਜੇ ਉਸ ਵਿੱਚ ਇਨਸਾਨੀਅਤ ਹੋਵੇਗੀ ਤਦ ਉਹ ਆਪਣੇ ਆਪ ਦੀ ਬਜਾਏ ਆਪਣੇ ਭਰਾਵਾਂ ਦੇ ਹੱਕ ਵਿੱਚ ਲਿਖੇਗਾ।

ਅਸੀਂ ਵੀ ਆਪਣੇ ਭਰਾਵਾਂ ਤੋਂ ਵੱਡੇ ਸੀ। ਅਸੀਂ ਛੋਟੇ ਭਰਾਵਾਂ ਨੂੰ ਕਿਹਾ ਕਿ ਪਹਿਲਾਂ ਤੁਸੀਂ ਫੈਸਲਾ ਕਰੋ ਕਿ ਤੁਸੀਂ ਕਿਹੜੀ ਕਿਹੜੀ ਚੀਜ ਲੈਣੀ ਹੈ? ਉਹਨਾਂ ਨੇ ਸਾਨੂੰ ਕਿਹਾ ਵੀਰ ਜੀ! ਤੁਸੀਂ ਜੋ ਕਰਨਾ ਹੈ ਕਰ ਦਿਓ। ਅਸੀਂ ਕਿਹਾ ਨਹੀਂ, ਤੁਸੀਂ ਪਹਿਲਾਂ ਅਤੇ ਮੈਂ ਬਾਅਦ ਵਿੱਚ ਹਾਂ। ਜਦੋਂ ਆਪਾਂ ਕਿਸੇ ਦੇ ਸਮਰਪਿਤ ਹੋ ਜਾਂਦੇ ਹਾਂ ਫੇਰ ਉਹ ਚੀਜਾਂ ਆਪਣੇ ਆਪ ਮਿਲ ਜਾਂਦੀਆਂ ਹਨ।

ਹਜ਼ੂਰ ਫੁਰਮਾਉਂਦੇ ਹਨ ਕਿ ਵੱਡਾ ਬੱਚਾ ਜੋ ਪਰਿਵਾਰ ਵਿਚ ਪਹਿਲਾਂ ਜੰਮਿਆ ਹੁੰਦਾ ਹੈ ਉਸ ਉੱਪਰ ਕੁਦਰਤ ਦੀ ਵੀ ਬਹੁਤ ਬਖਸ਼ਿਸ਼ ਹੁੰਦੀ ਹੈ। ਅਗਰ ਗੜੇ ਪੈ ਰਹੇ ਹੋਣ, ਤੂਫਾਨ ਆਇਆ ਹੋਵੇ ਤਦ ਅਗਰ ਵੱਡਾ ਲੜਕਾ ਪੱਥਰ ਦੀ ਪੰਸੇਰੀ ਹੱਥ ਵਿੱਚ ਲੈ ਕੇ ਸਤਿਨਾਮੁ ਵਾਹਿਗੁਰੂ ਕਰਕੇ ਜਾਂ ਆਪਣੇ ਇਸ਼ਟ ਅਨੁਸਾਰ ਪਾਠ ਕਰਕੇ ਪੰਸੇਰੀ ਨੂੰ ਬਾਹਰ ਸੁੱਟ ਦੇਵੇ ਤਦ ਤੂਫਾਨ ਰੁਕ ਜਾਂਦਾ ਹੈ। ਇਹ ਕੁਦਰਤ ਵੱਲੋਂ ਉਹਨਾਂ ਨੂੰ ਤੋਹਫਾ ਮਿਲਿਆ ਹੋਇਆ ਹੈ। ਹਰ ਬੰਦਾ ਕਮਾਂਡ ਨਹੀਂ ਕਰ ਸਕਦਾ। ਜਿਸ ਜੀਵ ਉੱਪਰ ਮਾਲਿਕ ਦੀ ਬਖਸ਼ਿਸ਼ ਹੋਵੇ ਉਹੋ ਹੀ ਕਮਾਂਡ ਕਰ ਸਕਦਾ ਹੈ। ਕਈ ਪ੍ਰਾਣੀ ਸੁਬਾਰਡੀਨੇਟ ਤਾਂ ਬਹੁਤ ਵਧੀਆ ਹੁੰਦੇ ਹਨ ਪਰ ਕਮਾਂਡ ਨਹੀਂ ਕਰ ਸਕਦੇ। ਕਈ ਕਮਾਂਡ ਵਧੀਆ ਕਰਦੇ ਹਨ ਪਰ ਉਹਨਾਂ ਕੋਲੋਂ ਸੁਬਾਰਡੀਨੇਸ਼ਨ ਨਹੀਂ ਹੁੰਦੀ। ਹਜ਼ੂਰ ਜਿਸ ਉੱਪਰ ਵੀ ਰਹਿਮਤ ਕਰਨ ਉਸ ਉੱਪਰ ਇਹ ਵੀ ਬਖਸ਼ਿਸ਼ ਕਰਨ ਕਿ ਉਸ ਦੇ ਅੰਦਰ ਹਉਮੈ ਜਾਂ ਮਗਰੂਰੀ ਨਾ ਆਵੇ। ਅਗਰ ਆਵੇ ਤਦ ਮਾਲਿਕ ਆਪ ਹੀ ਕਿਰਪਾ ਕਰਕੇ ਉਸ ਹਉਮੈ ਨੂੰ ਖਤਮ ਕਰ ਦੇਣ।

ਸੋਈ ਜੇਠ ਦਾ ਮਹੀਨਾ ਬੁੱਧਵਾਰ ਦਾ ਦਿਨ ਹਜ਼ੂਰ ਖ਼ੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖਸ਼ ਰਹੇ ਹਨ ਉਸ ਨੂੰ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ (ਅੰਗ 134)**

**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਕੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਪਹਿਲੇ ਸਮੇਂ ਵਿੱਚ ਵੀ ਅਤੇ ਅੱਜ ਕੱਲ ਵੀ ਜਦੋਂ ਕਿਸੇ ਬਜ਼ੁਰਗ ਦੀ ਮੌਤ ਹੁੰਦੀ ਹੈ ਤਾਂ ਉਸ ਦੇ ਵੱਡੇ ਪੁੱਤਰ ਦੇ ਸਿਰ ਤੇ ਪੱਗ ਰੱਖੀ ਜਾਂ ਬੰਨੀ ਜਾਂਦੀ ਹੈ ਕਿ ਅੱਜ ਤੋਂ ਵੱਡਾ ਪੁੱਤਰ ਵੱਡਾ ਭਰਾ ਹੋਣ ਦੇ ਨਾਲ ਨਾਲ ਬਾਪ ਦੀਆਂ ਜਿੰਮੇਵਾਰੀਆਂ ਵੀ ਨਿਭਾਵੇਗਾ। ਅਤੇ ਉਹ ਇਹ ਵੀ ਪ੍ਰਣ ਲੈਂਦਾ ਸੀ ਕਿ ਮੈਂ ਭਰਾਵਾਂ ਨੂੰ ਬੱਚੇ ਸਮਝ ਕੇ ਉਹਨਾਂ ਦਾ ਹੱਕ ਦੇਵਾਂਗਾ ਅਤੇ ਬਾਕੀ ਸਾਰਾ ਪਰਿਵਾਰ ਵੀ ਉਸ ਦੇ ਹੁਕਮ ਨੂੰ ਮੰਨਦਾ ਸੀ। ਅੱਜਕੱਲ ਤਾਂ ਪੁੱਤਰ ਪਿਉ ਦੀ ਕਹੀ ਹੋਈ ਗੱਲ ਨਹੀਂ ਮੰਨਦੇ। ਪਰ ਉਦੋਂ ਸਾਰੇ ਜੇਠੇ ਅਰਥਾਤ ਵੱਡੇ ਬੰਦੇ ਦਾ ਸਤਿਕਾਰ ਕਰਦੇ ਸਨ ਅਤੇ ਉਸ ਦੇ ਹੁਕਮ ਦੀ ਪਾਲਣਾ ਕਰਦੇ ਸਨ।

**ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥**

ਪਰ ਜਦੋਂ ਛੋਟੇ ਭਰਾਵਾਂ 'ਤੇ ਮੁਸ਼ਕਲ ਬਣਦੀ ਸੀ ਤਦ ਵੱਡਾ ਭਰਾ ਅੱਗੇ ਹੋ ਕੇ ਖੜਾ ਹੋ ਜਾਂਦਾ ਸੀ ਕਿ ਇਹ ਮੇਰੇ ਭਰਾ ਮੇਰੇ ਬੱਚਿਆਂ ਸਮਾਨ ਹਨ। ਮੇਰੇ ਬਾਪ ਨੇ ਕਿਹਾ ਸੀ ਕਿ ਇਹਨਾਂ ਦਾ ਖਿਆਲ ਰੱਖਣਾ ਹੈ। ਉਂਞ ਮੁਸ਼ਿਕਲ ਬਣਨ ਤੇ ਬਾਕੀ ਸਾਰੇ ਭੱਜ ਜਾਂਦੇ ਸਨ। ਇਸ ਤਰ੍ਹਾਂ ਜੋ ਸਾਧੂ ਹੁੰਦੇ ਹਨ ਉਹ ਸਮਰੱਥਾ ਰੱਖਦੇ ਹਨ। ਅਗਰ ਸੰਗਤ ਨੂੰ ਕੋਈ ਮੁਸ਼ਕਿਲ ਆਉਂਦੀ ਹੈ ਜਾਂ ਭੀੜ ਬਣਦੀ ਹੈ ਤਾਂ ਉਸ ਸੰਸਥਾ ਦੇ ਹੈੱਡ ਦਾ ਫਰਜ ਬਣਦਾ ਹੈ ਕਿ ਉਹ ਸੰਗਤ ਵਾਸਤੇ ਹਰ ਕੁਰਬਾਨੀ ਦੇਣ ਲਈ ਇਸ ਤਰ੍ਹਾਂ ਤਿਆਰ ਰਹੇ ਜਿਸ ਤਰ੍ਹਾਂ ਫੌਜ ਦਾ ਜਨਰੈਲ ਅੱਗੇ ਹੋ ਕੇ ਲੜਦਾ ਹੈ।

**ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥**

ਜੇਕਰ ਵੱਡਾ ਬੰਦਾ ਜਾਂ ਭਰਾ ਪੂਜਾ ਪਾਠ ਕਰਨ ਵਾਲਾ ਹੋਵੇ ਫੇਰ ਉਸ ਦੇ ਧਨ ਦੌਲਤ ਨੂੰ ਕਾਲ ਸੰਨ੍ਹ ਨਹੀਂ ਲਾ ਸਕਦਾ। ਉਸ ਪਰਿਵਾਰ ਵਿੱਚ ਫਿੱਰ ਨਹੀਂ ਪੈ ਸਕਦੀ।

**ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥**

ਕੋਈ ਲੰਮਾ, ਕੋਈ ਮਧਰਾ, ਕੋਈ ਮੋਟਾ, ਕੋਈ ਪਤਲਾ, ਕੋਈ ਗੋਰਾ, ਕੋਈ ਕਾਲਾ ਹੈ ਕਿੱਸੇ ਦੀਆਂ ਅੱਖਾਂ, ਕਿਸੇ ਦੇ ਬੁੱਲ, ਕਿਸੇ ਦਾ ਨੱਕ ਮੋਟਾ ਹੈ। ਇਸ ਅਰਬਾਂ ਖਰਬਾਂ ਦੀ ਦੁਨੀਆਂ ਵਿੱਚ ਕੋਈ ਵੀ ਇੱਕ ਦੂਸਰੇ ਵਰਗਾ ਨਹੀਂ ਹੈ। ਪਰ ਕੋਈ ਵੀ ਸੰਤੁਸ਼ਟ ਨਹੀਂ ਹੈ। ਜੀਵ ਦੇ ਅਮਲ ਠੀਕ ਹੋਣੇ ਚਾਹੀਦੇ ਹਨ

*ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ।*

**Monthly GURBANI UPMA Regd. No. RN 42490/87**
**S. G. L. JAN SEWA KENDAR, GARHA, JALANDHAR-144 022.**
**Phones : 0181-5054199, 98760-04507**

*ਬਾਬਾ ਆਖੇ ਹਾਜੀਆ*
*ਸੁਭਿ ਅਮਲਾ ਬਾਝਹੁ ਦੋਨੋ ਰੋਈ॥*
*(ਵਾਰ ੧ ਪਉੜੀ ੩੩॥)*

ਜਿਸਦੇ ਅਮਲ ਠੀਕ ਨਹੀਂ ਹਨ ਉਹ ਚਾਹੇ ਕਿਸੇ ਵੀ ਧਰਮ ਦਾ ਹੋਵੇ ਗੱਲ ਨਹੀਂ ਬਣਦੀ

*ਅਮਲ ਜਿ ਕੀਤਿਆ ਦੁਨੀ ਵਿਚਿ*
*ਸੇ ਦਰਗਹ ਓਗਾਹਾ॥ ੯੮॥ (ਅੰਗ 1383)*

ਦਰਗਾਹ ਵਿੱਚ ਅਮਲ ਕੰਮ ਆਉਂਦੇ ਹਨ ਰੂਪ ਰੰਗ ਕੰਮ ਨਹੀਂ ਆਉਂਦੇ।

**ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥**

ਪਰ ਹੋਣਾ ਉਹੋ ਹੀ ਹੈ ਜੋ ਮਾਲਿਕ ਨੂੰ ਮਨਜ਼ੂਰ ਹੈ।

*ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥*
*ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥*
*(ਅੰਗ 469)*

ਤਥਾ

*ਰਾਮ ਵਧਾਏ ਸੋ ਵਧੇ ਬਲ ਕਰ ਵਧੇ ਨ ਕੋਇ॥*
*ਸਭਨੀ ਛਾਲਾਂ ਮਾਰੀਆਂ ਕਰਤਾ ਕਰੇ ਸੁ ਹੋਇ॥*

ਜਦੋਂ ਜੀਵ ਮਾਲਿਕ ਦੀ ਟੇਕ, ਬਚਨ ਅਤੇ ਆਸਰਾ ਛੱਡ ਕੇ ਦੂਜੇ ਪਾਸੇ ਤੁਰਦੇ ਹਨ ਫੇਰ ਕੋਈ ਕਮੀ ਪੇਸ਼ੀ ਆ ਸਕਦੀ ਹੈ

**ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥**

ਸਾਧੂ ਜਿਸ ਨੂੰ ਪਿਆਰ ਕਰਦੇ ਹਨ ਉਸ ਨੂੰ ਧੰਨ ਕਹੋ। ਅਗਰ ਕੋਈ ਇੱਕ ਵੀ ਸੰਗਤ ਦਾ ਜੀਵ ਆਪਣੇ ਸੰਤਾਂ ਨੂੰ ਪਿਆਰ ਕਰਦਾ ਹੈ ਤਦ ਸੰਤ ਦੇਹ ਨਹੀਂ ਛੱਡ ਸਕਦੇ। ਪਰ ਜਦੋਂ ਅਸੀਂ ਸੋਚਦੇ ਹਾਂ ਕਿ ਸਾਡੇ ਹੈੱਡ ਬਿਮਾਰ ਹੋ ਗਏ ਹਨ ਪਤਾ ਨਹੀਂ ਅਗਾਂਹ ਕਿਸ ਦੀ ਡਿਊਟੀ ਲੱਗਣੀ ਹੈ, ਦੱਸੋ ਉਸ ਬਾਰੇ ਕਿਸੇ ਨੂੰ ਸੁਪਨਾ ਆਇਆ ਹੈ? ਜਦੋਂ ਜੀਵ ਐਸਾ ਸੋਚਦੇ ਹਨ ਉਦੋਂ ਮਾਰ ਖਾਂਦੇ ਹਨ। ਐਸਾ ਨਾ ਸੋਚ ਕੇ ਜਿਸ ਨੂੰ ਮਾਲਿਕ ਪਿਆਰ ਕਰਦੇ ਹਨ ਉਸ ਨੂੰ ਧੰਨ ਸਮਝੋ ਕਿ ਇਹ ਬਹੁਤ ਭਾਗਾਂ ਵਾਲਾ ਹੈ ਇਸ ਕਰਕੇ ਮਾਲਿਕ ਇਸ ਨੂੰ ਪਿਆਰ ਕਰਦੇ ਹਨ।

**ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥**

ਅਗਰ ਜੀਵ ਦਾ ਆਪਣਾ ਕੀਤਾ ਕੁਝ ਹੁੰਦਾ ਹੋਵੇ ਤਦ ਕਦੇ ਵੀ ਕਿਸੇ ਦਾ ਕੋਈ ਪਿਆਰਾ ਨਾ ਮਰੇ। ਅਗਰ ਮਿਲਾਪ ਹੋ ਜਾਵੇ ਫੇਰ ਵੱਖਰੇ ਨਾ ਹੋਈਏ, ਤਲਾਕ ਨਾ ਹੋਣ, ਝਗੜੇ ਨਾ ਹੋਣ। ਆਪਣਾ ਕੀਤਾ ਕੁਝ ਨਹੀਂ ਹੋਣਾ ਹੈ।

**ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥**

ਜੋ ਜੀਵ ਸਾਧੂ ਦੀ ਸੰਗਤ ਕਰਦੇ ਹਨ ਮਾਲਿਕ ਉਹਨਾਂ ਨੂੰ ਹਰ ਰੰਗ ਵਿੱਚ ਸੋਭਾ ਬਖਸ਼ਦੇ ਹਨ।

**ਹਰਿ ਜੇਠੁ ਰੰਗੀਲਾ ਤਿਸੁ ਧਣੀ**
**ਜਿਸ ਕੈ ਭਾਗੁ ਮਥੰਨਿ॥ ੪॥**

ਉਹ ਪੂਰਨ ਤਾਕਤ ਹੀ ਦੁਨੀਆਂ ਵਿੱਚ ਸਭ ਤੋਂ ਵੱਡੀ ਹੈ।

*ਸਜਣੁ ਸਚਾ ਪਾਤਿਸਾਹੁ*
*ਸਿਰਿ ਸਾਹਾਂ ਦੈ ਸਾਹੁ॥*
*ਜਿਸੁ ਪਾਸਿ ਬਹਿਠਿਆ ਸੋਹੀਐ*
*ਸਭਨਾਂ ਦਾ ਵੇਸਾਹੁ॥ ੨੨॥ (ਅੰਗ 1426)*

ਉਹ ਭਾਗਾਂ ਵਾਲੇ ਜੀਵ ਹਨ ਜਿਹਨਾਂ ਦਾ ਵੱਡੀ ਤਾਕਤ ਦੇ ਨਾਲ ਜੋੜ ਜੁੜ ਜਾਂਦਾ ਹੈ। ਜਿਹਨਾਂ ਉੱਪਰ ਮਾਲਿਕ ਦੀ ਮਿਹਰ ਹੁੰਦੀ ਹੈ ਉਹਨਾਂ ਵਰਗਾ ਦੁਨੀਆਂ ਵਿੱਚ ਭਾਗਾਂ ਵਾਲਾ ਹੋਰ ਕੋਈ ਨਹੀਂ ਹੈ।

ਸੋਈ ਹਜ਼ੂਰ ਬਖਸ਼ਿਸ਼ ਕਰਨ। ਜੇਠ ਦਾ ਮਹੀਨਾ ਬੁੱਧਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜੋ ਸੰਗਤ ਵਿਦੇਸ਼ਾਂ ਵਿੱਚ ਹੋਣ ਕਰਕੇ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਸਭ ਦੀਆਂ ਹਾਜਰੀਆਂ ਕਬੂਲ ਕਰਕੇ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਬ੍ਰਾਇਟ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-5054199, 98760-04507
www.sglchhosp.org

***ਐਡੀਟਰ :** ਮਹਿੰਦਰ ਸਿੰਘ ਪਰਵਾਨਾ* **ਜਿਲਦ-31 ਅੰਕ 3** **ਮਈ : 2019** **ਕੀਮਤ : 8 ਰੁਪੈ**